PANJAB TIMES

# ਪੰਜਾਬ ਟਾਈਮਜ਼

Free

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com



IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

Tel: 020 8571 6680
India:+91-181 5086389


# ਮਾਣਕ ਪਿੰਡ ਨੂੰ ਸਵੱਛ ਭਾਰਤ ਯੋਜਨਾ ਤਹਿਤ ਜਿਲ੍ਹਾ ਕਪੂਰਥਲਾ ਚੋਂ ਮਿਲਿਆ ਪਹਿਲਾ ਸਥਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੇਂਦਰ ਸਰਕਾਰ ਵੱਲੋਂ ਚੱਲ ਰਹੀ ਸਵੱਛ ਭਾਰਤ ਯੋਜਨਾ ਤਹਿਤ ਜਿਲ੍ਹਾ ਕਪੂਰਥਲਾ ਚੋਂ ਮਾਣਕ ਪਿੰਡ ਨੂੰ ਪਹਿਲਾ ਸਥਾਨ ਮਿਲਿਆ ਹੈ। ਪਿੰਡ ਦੇ ਸੁੰਦਰੀ ਕਰਨ ਅਤੇ ਪਿੰਡ ਦੀ ਸਾਫ ਸਫ਼ਾਈ ਨੂੰ ਵੇਖਦਿਆਂ ਇਸ ਪਿੰਡ ਨੂੰ ਚੁਣਿਆ ਗਿਆ। ਚੰਡੀਗੜ੍ਹ ਵਿਖੇ ਜਿਥੇ ਸਵੱਸ਼ ਭਾਰਤ ਦਿਵਸ ਮਨਾਇਆ ਗਿਆ । ਉਸ ਵਿੱਚ ਪਿੰਡ ਮਾਣਕ ਨੂੰ ਇਸ ਐਵਾਰਡ ਲਈ ਚੁਣਿਆ ਗਿਆ । ਜ਼ਿਲਾ ਕਪੂਰਥਲਾ ਦਾ ਪਿੰਡ ਮਾਣਕ ਨੂੰ ਇਕ ਨੰਬਰ ਦਾ ਪਿੰਡ ਮੰਨਿਆ ਗਿਆ ਹੈ ਕਿਉਂਕਿ ਪਿੰਡ ਨੂੰ ਬਹੁਤ ਹੀ ਸਾਫ਼ ਸੁਥਰਾ ਪਿੰਡਾਂ ਵਿਚੋਂ ਗਿਣਿਆ ਹੈ। ਇਸ ਦਾ ਸਾਰਾ ਸਿਹਰਾ ਸ: ਰਾਜਵੀਰ ਸਿੰਘ ਮਾਣਕ, ਸ: ਸੁਰਿੰਦਰ ਸਿੰਘ ਮਾਣਕ ਤੇ ਉਨ੍ਹਾ ਦੇ ਪਰਿਵਾਰ ਨੂੰ ਜਾਂਦਾ ਹੈ ਜੋ ਕਿ ਹਰ ਮਹੀਨੇ 50 ਹਜ਼ਾਰ ਰੁਪਏ ਇਸ ਪਿੰਡ ਦੀ ਸਾਫ਼ ਸਫ਼ਾਈ ਲਈ ਦਿੰਦੇ ਹਨ । ਮਾਣਕ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਇਹ ਐਵਾਰਡ ਪ੍ਰਾਪਤ ਕੀਤਾ ਗਿਆ । ਅਵਾਰਡ ਲੈਣ ਉਪਰੰਤ ਪਿੰਡ ਦੀ ਸਰਪੰਚ ਬਲਵਿੰਦਰ ਕੌਰ ਨੇ ਬੋਲਦਿਆਂ ਕਿਹਾ ਕਿ ਇਹ ਸਾਰਾ ਸਿਹਰਾ ਮਾਣਕ ਪਰਿਵਾਰ ਨੂੰ ਜਾਂਦਾ ਹੈ ਉਹ ਹੀ ਇਸ ਵਧਾਈ ਦੇ ਪਾਤਰ ਹਨ ਜਿਨ੍ਹਾਂ ਨੇ ਇਸ ਪਿੰਡ ਨੂੰ ਇਥੋਂ ਤੱਕ ਲੈ ਕੇ ਆਂਦਾ ਹੈ।



ਪਿੰਡ ਮਾਣਕ ਦੀ ਸਰਪੰਚ ਬਲਵਿੰਦਰ ਕੌਰ ਤੇ ਪੰਚਾਇਤ ਮੈਂਬਰ ਪ੍ਰਸ਼ੰਸਾ ਪੱਤਰ ਪ੍ਰਾਪਤ ਕਰਦੇ ਹੋਏ ।


ਤਿੰਨ ਹਫ਼ਤਿਆ ਜਾਂ ਵੱਧ ਸਮੇਂ ਤੋਂ ਖੰਘ ਰਹੇ ਹੋ?

NHS

ਆਪਣੇ GP Practice ਨਾਲ ਸੰਪਰਕ ਕਰੋ।

ਜੇ ਤੁਹਾਨੂੰ ਤਿੰਨ ਹਫ਼ਤਿਆ ਜਾਂ ਇਸਤੋਂ ਵੱਧ ਸਮੇਂ ਤੋਂ ਖੰਘ ਲੱਗੀ ਹੈ ਤਾਂ ਇਸਨੂੰ ਨਜ਼ਰਅੰਦਾਜ਼ ਨਾ ਕਰੋ। ਇਹ ਸ਼ਾਇਦ ਕੁਝ ਵੀ ਗੰਭੀਰ ਨਹੀਂ ਹੈ, ਪਰ ਇਹ ਕੈਂਸਰ ਦੀ ਨਿਸ਼ਾਨੀ ਹੋ ਸਕਦੀ ਹੈ।

ਤੁਹਾਡਾ NHS ਤੁਹਾਨੂੰ ਸੁਰੱਖਿਅਤ ਢੰਗ ਨਾਲ ਵੇਖਣ ਲਈ, ਇੱਥੇ ਹੈ।
nhs.uk/cancersymptoms

Clear on cancer
Help us help you



Jyoti Sood, GP

NHS

# ਦਿਲ ਤੋਂ ਦਿਲ ਤਕ

## ਆਓ ਦਿਲ ਦੇ ਦੌਰੇ ਬਾਰੇ ਗੱਲ ਕਰੀਏ ਅਤੇ ਜ਼ਿੰਦਗੀਆਂ ਬਚਾਈਏ

**ਸੁਸ਼ੀਲਾ ਨੂੰ ਯਕੀਨ ਨਹੀਂ ਸੀ ਕਿ ਉਹਦੀ ਛਾਤੀ ਦਾ ਦਰਦ ਕੋਈ ਗੰਭੀਰ ਗੱਲ ਸੀ, ਪਰ ਉਹਨੂੰ ਦਿਲ ਦਾ ਦੌਰਾ ਪਿਆ ਸੀ। ਖ਼ੁਸ਼ਕਿਸਮਤੀ ਨਾਲ ਉਹ ਮਦਦ ਲੈਣ ਲਈ ਸਮੇਂ ਸਿਰ ਹਸਪਤਾਲ ਪਹੁੰਚ ਗਈ, ਪਰ ਹਰ ਕੋਈ ਨਹੀਂ ਪਹੁੰਚਦਾ। ਸੁਸ਼ੀਲਾ ਚਾਹੁੰਦੀ ਹੈ ਕਿ ਉਹਦੇ ਵਰਗੀ ਹਾਲਤ ਵਾਲ਼ੇ ਸਭ ਲੋਕਾਂ ਨੂੰ ਦਿਲ ਦੇ ਦੌਰੇ ਬਾਰੇ ਵੱਧ ਚੰਗੀ ਜਾਣਕਾਰੀ ਹੋਵੇ, ਤਾਂਕਿ ਇਹਦੀਆਂ ਨਿਸ਼ਾਨੀਆਂ ਛੇਤੀ ਸਮਝੀਆਂ ਜਾ ਸਕਣ।**

ਐਨ ਐੱਚ ਐੱਸ ਵਲੋਂ ਚਲਾਈ ਗਈ ਨਵੀਂ ਮੁਹਿੰਮ Help Us, Help You ਲੋਕਾਂ ਨੂੰ ਆਪਣੇ ਪਿਆਰੇ ਲੋਕਾਂ ਨਾਲ 'ਦਿਲ ਤੋਂ ਦਿਲ ਤਕ' ਗੱਲ ਕਰਨ ਲਈ ਉਤਸ਼ਾਹ ਦਿੰਦੀ ਹੈ, ਤਾਂ ਕਿ ਉਹ ਦਿਲ ਦੇ ਦੌਰੇ ਦੀ ਗੰਭੀਰਤਾ ਬਾਰੇ ਅਤੇ ਇਹਦੀਆਂ ਨਿਸ਼ਾਨੀਆਂ ਬਾਰੇ ਸਮਝ ਸਕਣ ਅਤੇ ਜੇ ਤੁਹਾਨੂੰ ਜਾਂ ਕਿਸੇ ਹੋਰ ਨੂੰ ਇਹ ਮਹਿਸੂਸ ਹੋਣ ਤਾਂ ਛੇਤੀ ਤੋਂ ਛੇਤੀ ਮਦਦ ਮਿਲ ਸਕੇ।

ਇਕ ਰਾਤ ਸੁਸ਼ੀਲਾ ਦੀ ਛਾਤੀ ਵਿਚ ਦਰਦ ਹੋਇਆ, ਪਰ ਉਹਨੇ ਇਹਦੀ ਪਰਵਾਹ ਨਾ ਕੀਤੀ ਅਤੇ ਸੌਂ ਗਈ। ਅਗਲੇ ਦਿਨ ਜਦ ਉਹ ਸਵੇਰੇ ਜਾਗੀ ਤਾਂ ਉਹੋ ਜਿਹਾ ਦਰਦ ਉਹਨੂੰ ਸੀ, ਪਰ ਹੁਣ ਦਰਦ ਖੱਬੀ ਬਾਂਹ ਵਿਚ ਸੀ। ਸੁਸ਼ੀਲਾ ਸਮਝ ਗਈ ਉਹਨੂੰ ਇਕਦਮ ਡਾਕਟਰ ਕੋਲ ਜਾਣਾ ਚਾਹੀਦਾ ਹੈ।

*'ਬਾਦ ਵਿਚ ਮੇਰੇ ਪਰਿਵਾਰ ਨੇ ਮੈਨੂੰ ਝਾੜਾਂ ਪਾਈਆਂ ਕਿ ਮੈਂ ਪਹਿਲਾਂ ਹੀ ਡਾਕਟਰ ਕੋਲ ਕਿਉਂ ਨਹੀਂ ਗਈ। ਹੁਣ ਮੈਂ ਸਮਝਦੀ ਹਾਂ ਕਿ ਮੈਨੂੰ ਉਡੀਕ ਨਹੀਂ ਕਰਨੀ ਚਾਹੀਦੀ ਸੀ – ਜਿਸ ਵੇਲੇ ਦਰਦ ਹੋਇਆ ਸੀ, ਮੈਨੂੰ ਉਸੇ ਵੇਲੇ ਨੰਬਰ 999 ਤੇ ਫ਼ੋਨ ਕਰਨਾ ਚਾਹੀਦਾ ਸੀ। ਕੌਣ ਜਾਣਦਾ ਹੈ ਕਿ ਜੇ ਮੈਂ ਸਮੇਂ ਸਿਰ ਏ.ਐਂਡ.ਈ ਨਾ ਪਹੁੰਚਦੀ ਤਾਂ ਕੀ ਹੋ ਸਕਦਾ ਸੀ।"*

ਸੁਸ਼ੀਲਾ ਨੂੰ ਟੈਸਟ ਕਰਨ ਲਈ ਅਤੇ ਉਹਦੀ ਨਾੜ ਨੂੰ ਪੂਰੀ ਤਰ੍ਹਾਂ ਖੁੱਲ੍ਹੀ ਰੱਖਣ ਲਈ ਉਸ ਵਿਚ ਸਟੈਂਟ ਪਾਉਣ ਲਈ ਰਾਤ ਭਰ ਹਸਪਤਾਲ ਵਿਚ ਰੱਖਿਆ ਗਿਆ। ਉਹ ਕਹਿੰਦੀ ਹੈ ਕਿ ਦਿਲ ਦਾ ਦੌਰਾ ਪੈਣ ਵਾਲੀਆਂ ਸਭ ਨਿਸ਼ਾਨੀਆਂ ਬਾਰੇ ਉਹਨੂੰ ਪਤਾ ਹੀ ਨਹੀਂ ਸੀ।

*'ਟੀ ਵੀ ਦੇਖਣ ਮਗਰੋਂ ਤੁਹਾਡੇ ਦਿਮਾਗ਼ ਵਿਚ ਕੁਝ ਵਿਚਾਰ ਹੁੰਦਾ ਹੈ ਕਿ ਦਿਲ ਦਾ ਦੌਰਾ ਪੈਣ ਦੀਆਂ ਕੀ ਨਿਸ਼ਾਨੀਆਂ ਹੋ ਸਕੀਆਂ ਹਨ – ਅਸਹਿ ਦਰਦ ਹੁੰਦਾ ਹੈ, ਜਾਂ ਤੁਸੀਂ ਫ਼ਰਸ਼ ਤੇ ਡਿਗ ਜਾਂਦੇ ਹੋ।'*

ਜਦੋਂ ਦਿਲ ਦੇ ਅੰਦਰ ਜਾਣ ਵਾਲੇ ਖ਼ੂਨ ਦੀ ਮਿਕਦਾਰ ਘਟ ਜਾਏ ਜਾਂ ਰੁਕ ਜਾਏ ਤਾਂ ਦਿਲ ਦਾ ਦੌਰਾ ਪੈਂਦਾ ਹੈ। ਪਰ ਜਿਹਨੂੰ ਇਹ ਦੌਰਾ ਪਿਆ ਹੋਵੇ, ਉਹਨੂੰ ਆਮ ਤੌਰ ਤੇ ਹੋਸ਼ ਰਹਿੰਦੀ ਹੈ ਅਤੇ ਸਾਹ ਆਉਂਦਾ ਰਹਿੰਦਾ ਹੈ।

ਦਿਲ ਦੇ ਦੌਰੇ ਦੀਆਂ ਨਿਸ਼ਾਨੀਆਂ ਵੱਖ ਵੱਖ ਲੋਕਾਂ ਵਿਚ ਵੱਖ ਵੱਖ ਹੋ ਸਕਦੀਆਂ ਹਨ, ਪਰ ਸਭ ਤੋਂ ਵੱਧ ਅਜਿਹਾ ਹੁੰਦਾ ਹੈ –ਪੂਰੀ ਛਾਤੀ ਵਿਚ ਖਿੱਚ ਪੈਣੀ ਅਤੇ ਬੇਚੈਨੀ ਮਹਿਸੂਸ ਹੋਣੀ; ਇਹ ਨਿਸ਼ਾਨੀਆਂ ਸਦਾ ਹੀ ਬਹੁਤ ਤੇਜ਼ ਨਹੀ ਹੁੰਦੀਆਂ

- ਕਈ ਲੋਕਾਂ ਨੂੰ ਸਾਹ ਵੀ ਚੜ੍ਹਦਾ ਹੈ –
- ਦਿਲ ਘਬਰਾਉਂਦਾ ਹੈ –
- ਅਤੇ ਪਿੱਠ ਜਾਂ ਮਸੂੜੇ ਵਿਚ ਦਰਦ ਹੁੰਦਾ ਹੈ, ਪਰ ਛਾਤੀ ਵਿਚ ਨਹੀਂ।

ਦਿਲ ਦਾ ਦੌਰਾ ਪੈਣਾ ਅਤੇ ਦਿਲ ਦੀ ਧੜਕਣ ਰੁਕ ਜਾਣਾ ਵੱਖ ਵੱਗ ਰੋਗ ਹਨ। ਦਿਲ ਦੀ ਧੜਕਣ ਰੁਕਣ ਨਾਲ ਬੰਦਾ ਇਕਦਮ ਬੇਹੋਸ਼ ਹੋ ਜਾਂਦਾ ਹੈ, ਜਿਵੇਂ ਟੀ ਵੀ ਅਤੇ ਫਿਲਮਾਂ ਵਿਚ ਜ਼ਿਆਦਾਤਰ ਦਿਖਾਇਆ ਜਾਂਦਾ ਹੈ। ਪਰ ਜੇ ਦਿਲ ਦੇ ਦੌਰੇ ਦਾ ਤੁਰੰਤ ਇਲਾਜ ਨਾ ਕੀਤਾ ਜਾਵੇ, ਤਾਂ ਇਹਦੇ ਨਾਲ ਵੀ ਦਿਲ ਦੀ ਧੜਕਣ ਰੁਕ ਸਕਦੀ ਹੈ।

ਦਿਲ ਦੇ ਦੌਰੇ ਬਾਰੇ ਗੱਲ ਬਾਤ ਚਾਲੂ ਰੱਖਣ ਨਾਲ਼ ਇਹ ਯਕੀਨੀ ਬਣਾਇਆ ਜਾ ਸਕਦਾ ਹੈ ਕਿ ਇਹਦੀਆਂ ਨਿਸ਼ਾਨੀਆਂ ਬਾਰੇ ਹੋਰ ਲੋਕਾਂ ਨੂੰ ਪਤਾ ਹੋਵੇ ਜਿਹਦੇ ਨਾਲ ਸਭਨਾਂ ਦੀਆਂ ਜ਼ਿੰਦਗੀਆਂ ਬਚ ਸਕਣ – ਸਾਨੂੰ ਪਤਾ ਹੈ ਕਿ ਸਾਡੇ ਭਾਈਚਾਰੇ ਨੂੰ ਦਿਲ ਦਾ ਦੌਰਾ ਪੈਣ ਦਾ ਕਈ ਹੋਰਾਂ ਨਾਲੋਂ ਵੱਧ ਖ਼ਤਰਾ ਹੈ। ਇਸ ਲਈ ਇਹ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਇਹਦੀਆਂ ਨਿਸ਼ਾਨੀਆਂ ਦੀ ਛੇਤੀ ਪਛਾਣ ਕਰ ਕੇ ਕੁਝ ਕਰ ਸਕੀਏ। ਐਨ ਐੱਚ ਐੱਸ ਦੀ ਵੈੱਬਸਾਈਟ ਤੇ ਬਹੁਤ ਸਾਰੀ ਜਾਣਕਾਰੀ ਹੈ ਜੋ ਅਸੀਂ ਪਰਿਵਾਰ ਅਤੇ ਦੋਸਤਾਂ ਨਾਲ ਸਾਂਝੀ ਕਰ ਸਕਦੇ ਹਾਂ। ਇਸ ਲਈ "ਦਿਲ ਤੋਂ ਦਿਲ ਤਕ" ਗੱਲਬਾਤ ਸ਼ੁਰੂ ਕਰੋ ਜੇ ਤੁਹਾਨੂੰ ਇਹ ਜਾਪੇ ਕਿ ਤੁਹਾਨੂੰ ਜਾਂ ਕਿਸੇ ਹੋਰ ਨੂੰ ਦਿਲ ਦਾ ਦੌਰਾ ਪੈ ਰਿਹਾ ਹੈ?




ਸੁਸ਼ੀਲਾ ਨੂੰ ਦਿਲ ਦਾ ਪਹਿਲਾ ਦੌਰਾ ਪੈਣ ਤੋਂ ਕੁਝ ਸਾਲਾਂ ਬਾਦ ਦਿਲ ਦਾ ਦਰਦ ਫਿਰ ਹੋਇਆ, ਪਰ ਇਸ ਵਾਰ ਉਹਨੇ ਹੋਰ ਕੰਮ ਕੀਤਾ। ਉਹਨੇ ਇਕ ਦਮ ਨੰਬਰ 999 ਤੇ ਫ਼ੋਨ ਕੀਤਾ। ਡਾਕਟਰਾਂ ਨੇ ਦੇਖਿਆ ਕਿ ਉਹਦੇ ਸਟੈਂਟ ਵਿਚ ਰੁਕਾਵਟ ਪੈ ਰਹੀ ਸੀ, ਅਤੇ ਉਹਨਾਂ ਨੇ ਇਸ ਮੁਸ਼ਕਿਲ ਦਾ ਤੁਰੰਤ ਇਲਾਜ ਵੀ ਕਰ ਦਿੱਤਾ।

*"ਮੈਂ ਹੌਲੀ ਹੌਲੀ ਠੀਕ ਹੋਈ, ਪਰ ਮੈਂ ਆਪਣੀ ਸਿਹਤ ਲਈ ਆਪਣੇ ਪਰਿਵਾਰ ਅਤੇ ਦੋਸਤਾਂ ਦੀ ਰਿਣੀ ਹਾਂ। ਜੇ ਤੁਹਾਨੂੰ ਜਾਂ ਤੁਹਾਡੇ ਨੇੜੇ ਤੇੜੇ ਦੇ ਕਿਸੇ ਵਿਅਕਤੀ ਨੂੰ ਦਿਲ ਦੇ ਦੌਰੇ ਦੀਆਂ ਨਿਸ਼ਾਨੀਆਂ ਦਿਸਦੀਆਂ ਹਨ – ਤਾਂ ਭਾਵੇਂ ਤੁਹਾਨੂੰ ਇਹ ਸਮਝ ਨਾ ਵੀ ਆਉਣ – ਤਦ ਵੀ ਤੁਸੀਂ ਬਿਨਾਂ ਦੇਰ ਕੀਤਿਆਂ ਨੰਬਰ 999 ਤੇ ਫ਼ੋਨ ਕਰੋ। ਇਹਦੇ ਨਾਲ ਕਿਸੇ ਦਾ ਵੀ ਸਮਾਂ ਬਰਬਾਦ ਨਹੀਂ ਹੁੰਦਾ, ਪਰ ਤੁਹਾਡੀ ਜਾਂ ਕਿਸੇ ਹੋਰ ਦੀ ਜ਼ਿੰਦਗੀ ਬਚ ਸਕਦੀ ਹੈ।"*



**Call 999**

**Help us help you**

**ਹੋਰ ਜਾਣਕਾਰੀ nhs.uk/heartattack ਵੈੱਬਸਾਈਟ ਤੋਂ ਲਈ ਜਾ ਸਕਦੀ ਹੈ -**

# ਯੂ ਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੂੰ ਸਕਾਟਲੈਂਡ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਦਾਖਲ ਹੋਣ ਤੋ ਰੋਕਿਆ



ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਅਤੇ ਭਾਰਤੀ ਹਾਈ ਕਮਿਸ਼ਨ ਵਿਕਰਮ ਦੋਰਾਇਸਵਾਮੀ ਅਤੇ ਵਿਰੋਧ ਕਰ ਰਹੇ ਨੌਜਵਾਨ ਅਤੇ ਮੌਕੇ ਤੇ ਮੌਜੂਦ ਪ੍ਰਬੰਧਕ ਕਮੇਟੀ ਦ ਨੁਮਾਇੰਦੇ

ਲੰਡਨ, ਗਲਾਸਗੋ (ਮਨਪ੍ਰੀਤ ਸਿੰਘ ਬੱਧਨੀ ਕਲਾਂ, ਹਰਜੀਤ ਸਿੰਘ ਦੁਸਾਂਝ)–ਯੂ ਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਨੂੰ ਸਕਾਟਲੈਂਡ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਦਾਖਲ ਹੋਣ ਤੋ ਕੁੱਝ ਗਰਮ ਖ਼ਿਆਲੀ ਕਾਰਕੁੰਨਾਂ ਵੱਲੋ ਰੋਕਿਆ ਗਿਆ। ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਪਹਿਲੀ ਸਿੱਖ ਸਕਾਟਿਸ਼ ਮੈਂਬਰ ਪਾਰਲੀਮੈਂਟ ਪੈਮ ਗੋਸਲ ਦੇ ਸਹਿਯੋਗ ਨਾਲ ਯੂ ਕੇ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਦੀ ਯਾਤਰਾ ਦਾ ਪ੍ਰੋਗਰਾਮ ਉਲੀਕਿਆ ਸੀ। ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਦੇ ਪ੍ਰਧਾਨ ਲਭਾਇਆ ਸਿੰਘ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਕੋਈ ਵੀ ਆ ਸਕਦਾ, ਭਾਵੇਂ ਉਹ ਕਿਸੇ ਵੀ ਧਰਮ ਜਾਂ ਸੰਸਥਾ ਨਾਲ ਸੰਬੰਧ ਰੱਖਦਾ ਹੋਵੇ। ਉਨ੍ਹਾਂ ਨੇ ਕਿਹਾ ਕਿ ਵਿਕਰਮ ਦੋਰਾਇਸਵਾਮੀ ਆਪਣੇ ਪਰਿਵਾਰ ਸਮੇਤ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਆਏ ਸਨ, ਪਰ ਉਨ੍ਹਾਂ ਨੂੰ ਕਾਰ ਵਿੱਚੋਂ ਹੀ ਉਤਰਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਉਹ ਹਾਈ ਕਮਿਸ਼ਨਰ ਕੋਲ ਗਲਾਸਗੋ ਵਿੱਚ ਭਾਰਤੀ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਅਤੇ ਵੀਜ਼ਿਆਂ ਸੰਬੰਧੀ ਵਿਚਾਰ ਕਰਨ ਦੇ ਇੱਛੁਕ ਸਨ। ਉਧਰ ਵੀਡਿਓ ਵਿੱਚ ਨਜ਼ਰ ਆ ਰਹੇ ਹਾਈ ਕਮਿਸ਼ਨਰ ਦਾ ਵਿਰੋਧ ਕਰ ਰਹੇ ਵਿਅਕਤੀ ਵਾਰ ਵਾਰ ਕਹਿ ਰਹੇ ਸਨ ਕਿ ਕਨੇਡਾ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਅਤੇ ਇੰਗਲੈਂਡ ਵਿੱਚ ਕੁਝ ਸਿੱਖਾਂ ਨੂੰ ਬੀਤੇ ਸਮੇਂ ਛਾਪੇਮਾਰੀ ਕਰਕੇ ਤੰਗ ਪ੍ਰੇਸ਼ਾਨ ਕਰਨ ਪਿੱਛੇ ਭਾਰਤ ਸਰਕਾਰ ਦਾ ਹੱਥ ਹੈ।

ਪ੍ਰਤੀਨਿੱਧ ਨੇ ਪੈਮ ਗੋਸਲ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਹਨਾਂ ਵੱਲੋ ਖ਼ਬਰ ਲਿਖਣ ਤੱਕ ਕੋਈ ਪ੍ਰਤੀਕਰਮ ਨਹੀਂ ਦਿੱਤਾ।

ਇਸ ਘਟਨਾ ਨੂੰ ਲੈ ਕੇ ਵੱਖ ਵੱਖ ਪ੍ਰਤੀਕ੍ਰਮ ਆ ਰਹੇ ਹਨ, ਯੁਨਾਇਟਡ ਖ਼ਾਲਸਾ ਦਲ ਦੇ ਜਨਰਲ ਸਕੱਤਰ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਵਿਰੋਧ ਕਰ ਰਹੇ ਸਿੱਖ ਨੌਜਵਾਨਾਂ ਦਾ ਸਮਰਥਨ ਕਰਦਿਆਂ ਕਿਹਾ ਕਿ ਭਾਰਤ ਸਰਕਾਰ ਦੇ ਕਿਸੇ ਨੁਮਾਇੰਦੇ ਨੂੰ ਗੁਰਦੁਆਰਾ ਸਾਹਿਬ ਦੀ ਸਟੇਜ ਦੀ ਵਰਤੋਂ ਨਾ ਕਰਨ ਦਿੱਤੀ ਜਾਵੇ। ਜਦ ਕਿ ਬਰਤਾਨਵੀ ਭਾਰਤੀ ਡਾਇਸਪੋਰਾ ਦੇ ਮੈਂਬਰਾਂ ਨੇ ਗਲਾਸਗੋ ਦੀ ਐਲਬਰਟ ਡਰਾਈਵ ਸਥਿੱਤ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਦੀ ਯੋਜਨਾਬੱਧ ਫੇਰੀ ਦੌਰਾਨ ਖਾਲਿਸਤਾਨ ਪੱਖੀ ਸਮੂਹ ਵੱਲੋਂ ਯੂ ਕੇ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਦੀ ਕਾਰ ਨੂੰ ਰੋਕੇ ਜਾਣ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ ਪੁਲਿਸ ਤੋਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਬਰਤਾਨਵੀ ਭਾਰਤੀ ਡਾਇਸਪੋਰਾ ਦੇ ਮੈਂਬਰਾਂ ਨੇ ਸਕਾਟਿਸ਼ ਪੁਲਿਸ ਨੂੰ ਸਕਾਟਲੈਂਡ ਦੀ ਧਰਤੀ 'ਤੇ ਇੱਕ ਭਾਰਤੀ ਰਾਜਦੂਤ ਵਿਰੁੱਧ ਇਸ ਘਟਨਾ ਦੀ ਤੁਰੰਤ ਜਾਂਚ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਭਾਰਤੀ ਰਾਜਦੂਤ ਨੂੰ ਸੁਰੱਖਿਆ ਕਿਉਂ ਨਹੀਂ ਦਿੱਤੀ ਗਈ ਅਤੇ ਇਸ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ।


Discover the World with ...

OCEANS TRAVEL




ਸਾਡੇ ਸਟਾਫ਼ ਨਾਲ ਤੁਸੀਂ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲਬਾਤ ਕਰ ਸਕਦੇ ਹੋ !

*All prices shown are subject to availability and include all taxes and surcharges.*

Direct Sales Agent for ALL MAJOR AIRLINES

ਦੁਨੀਆਂ ਭਰ ਦੇ ਕਿਸੇ ਵੀ ਦੇਸ਼ ਦੇ ਸਫ਼ਰ ਵਾਸਤੇ ਹਰੇਕ ਏਅਰ ਲਾਈਨ ਦੀਆਂ ਸਸਤੀਆਂ ਟਿਕਟਾਂ ਲੈਣ ਲਈ ਅੱਜ ਹੀ ਡਰਬੀ ਦੇ ਔਸ਼ਨਜ਼ ਟਰੈਵਲ ਨਾਲ ਸੰਪਰਕ ਕਰੋ ।



Qatar Airways Flights Stating from July 2023 Birmingham to Amritsar



ਕਤਰ ਏਅਰਵੇਜ਼ ਦੀਆਂ ਬ੍ਰਮਿੰਘਮ ਤੋਂ ਅੰਮ੍ਰਿਤਸਰ ਉਡਾਣਾਂ (ਵਾਇਆ ਦੋਹਾ) ਜੁਲਾਈ 2023 ਤੋਂ ਸ਼ੁਰੂ ਹੋ ਰਹੀਆਂ ਹਨ

* ਕਿਸੇ ਵੀ ਦੇਸ਼ ਦਾ ਵੀਜ਼ਾ ਲੈਣ ਲਈ ਸਾਡੇ ਨਾਲ ਸੰਪਰਕ ਕਰ ਸਕਦੇ ਹੋ ।
* ਅਸੀਂ ਓ.ਸੀ.ਆਈ. (ਲੰਮੀ ਮਿਆਦ) ਜ਼ਿੰਦਗੀ ਭਰ ਦੇ ਵੀਜ਼ੇ ਲਵਾਉਂਦੇ ਹਾਂ।

ਦੁਨੀਆਂ ਭਰ ਵਿੱਚ ਕਿਤੇ ਵੀ ਜਾਣ ਲਈ ਡਰਬੀ ਦੇ ਔਸ਼ਨਜ਼ ਟਰੈਵਲ ਨੂੰ ਹਮੇਸ਼ਾਂ ਯਾਦ ਰੱਖੋ। ਹਰੇਕ ਵੱਡੀ ਏਅਰਲਾਈਨ ਦੇ ਡਾਇਰੈਕਟ ਸੇਲ ਏਜੰਟ। ਅਸੀਂ ਇੰਡੀਆ ਜਾਣ ਲਈ ਵੀਜ਼ਾ ਸਰਵਿਸ ਵੀ ਦਿੰਦੇ ਹਾਂ।

ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰੋ

ਅਸੀਂ ਹੇਠ ਲਿਖੀਆਂ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ:

* ਮਨੀ ਟਰਾਂਸਫਰ, * ਕੋਰੀਅਰ ਸਰਵਿਸ, * ਦਿੱਲੀ ਤੋਂ ਪੰਜਾਬ ਤੱਕ ਕੋਚ ਦੀ ਬੁਕਿੰਗ * ਕਿਸੇ ਵੀ ਦੇਸ਼ ਵਿੱਚ ਹੋਟਲ ਦੀ ਬੁੱਕਿੰਗ ਕਰਨੀ ਹੋਵੇ

PRICE MATCH GUARANTEE FOR AIR INDIA
ਏਅਰ ਇੰਡੀਆ ਦੇ ਕਿਰਾਇਆਂ ਦੀ ਗਰੰਟੀ, ਟਿਕਟਾਂ ਬੁੱਕ ਕਰਵਾਉਣ ਲਈ ਸੰਪਰਕ ਕਰੋ
WE PROVIDE A PROFESSIONAL INDIAN VISA SERVICE

OCEANS TRAVEL
100 DALE ROAD, DERBY, DE23 6QW.
Tel : 01332 771111
email: sales@oceanstravel.co.uk
website: www.oceanstravel.co.uk

11705 ATOL PROTECTED

All major credit/debit cards accepted

# ਭਾਰਤੀ ਹਾਈਕਮਿਸ਼ਨਰ ਨਾਲ ਹੋਏ ਦੁਰਵਿਵਹਾਰ ਦੀ ਗਲਾਸਗੋ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਿੰਦਾ




ਘਟਨਾ ਸਬੰਧੀ ਜਾਣਕਾਰੀ ਸਾਂਝੇ ਕਰਦੇ ਹੋਏ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਲੁਭਾਇਆ ਸਿੰਘ, ਬੀਬੀ ਜਸਪ੍ਰੀਤ ਕੌਰ ਅਤੇ ਹੋਰ

ਲੰਡਨ, ਗਲਾਸਗੋ (ਮਨਪ੍ਰੀਤ ਸਿੰਘ ਬੱਧਨੀ ਕਲਾਂ, ਹਰਜੀਤ ਸਿੰਘ ਦੁਸਾਂਝ) 29 ਸਤੰਬਰ ਨੂੰ ਗਲਾਸਗੋ ਦੇ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਖੇ ਭਾਰਤੀ ਹਾਈਕਮਿਸ਼ਨਰ ਵਿਕਰਮ ਦੁਰਾਇਸਵਾਮੀ ਅਤੇ ਸਕਾਟਲੈਂਡ ਦੇ ਭਾਰਤੀ ਕੌਂਸਲੇਟ ਜਨਰਲ ਨਾਲ ਹੋਏ ਦੁਰਵਿਵਹਾਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਿੰਦਾ ਕਰਦਿਆਂ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ: ਲੁਭਾਇਆ ਸਿੰਘ ਨੇ ਨੌਜਵਾਨਾਂ ਦੇ ਵਤੀਰੇ ਦੀ ਨਿੰਦਾ ਕਰਦਿਆਂ ਕਿਹਾ ਕਿ ਗੁਰਦੁਆਰਾ ਸਾਹਿਬ ਕੋਈ ਵੀ ਆ ਸਕਦਾ ਹੈ, ਗੁਰੂ ਘਰ ਦੇ ਦਰਵਾਜ਼ੇ ਸਭ ਲਈ ਖੁੱਲ੍ਹੇ ਹਨ। ਸਿੱਖ ਧਰਮ ਅਨੁਸਾਰ ਗੁਰਦੁਆਰਾ ਸਾਹਿਬ ਅੰਦਰ ਸਮੂਹ ਭਾਈਚਾਰਿਆਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਸਭ ਦਾ ਸਵਾਗਤ ਕੀਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਗੁਰਦੁਆਰਾ ਸਾਹਿਬ ਵਿਖੇ ਇਹ ਮੀਟਿੰਗ ਇੱਕ ਸਕਾਟਿਸ਼ ਸੰਸਦ ਮੈਂਬਰ ਵੱਲੋਂ ਆਯੋਜਿਤ ਕੀਤੀ ਗਈ ਸੀ, ਇਸ ਮੌਕੇ ਗਲਾਸਗੋ ਤੋਂ ਬਾਹਰੋਂ ਆਏ ਵਿਅਕਤੀਆਂ ਵੱਲੋਂ ਇਸ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਮਹਿਮਾਨਾਂ ਨੇ ਕਾਰ ਪਾਰਕ ਵਿੱਚੋਂ ਹੀ ਜਾਣ ਦਾ ਫੈਸਲਾ ਕੀਤਾ। ਇਸ ਤੋਂ ਬਾਅਦ ਵੀ ਇਹ ਵਿਅਕਤੀ ਸੰਗਤਾਂ ਨੂੰ ਪ੍ਰੇਸ਼ਾਨ ਕਰਦੇ ਰਹੇ। ਗੁਰਦੁਆਰਾ ਸਾਹਿਬ ਦੀ ਸਟੇਜ ਸਕੱਤਰ ਬੀਬੀ ਜਸਪ੍ਰੀਤ ਕੌਰ ਨੇ ਕਿਹਾ ਕਿ ਘਟਨਾ ਬਾਅਦ ਪਹੁੰਚੀ ਸਕਾਟਿਸ਼ ਪੁਲਿਸ ਨੇ ਘਟਨਾ ਦਾ ਸਖ਼ਤ ਨੋਟਿਸ ਲਿਆ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।


ਨਵੇਂ ਸਾਲ 2024 ਦੇ ਕੈਲੰਡਰ ਛਪਵਾਉਣ ਲਈ ਸੰਪਰਕ ਕਰੋ:

ਨਵੇਂ ਸਾਲ 2024 ਦੇ ਕੈਲੰਡਰ ਅਕਤੂਬਰ ਦੇ ਅਖੀਰਲੇ ਹਫ਼ਤੇ ਤੋਂ ਛਾਪਣੇ ਸ਼ੁਰੂ ਹੋ ਕਰ ਰਹੇ ਹਾਂ

ਗੁਰਦੁਆਰਾ ਸਾਹਿਬ ਜਾਂ ਹੋਰ ਸੰਸਥਾਵਾਂ ਆਪਣੇ ਕੈਲੰਡਰ ਛਪਵਾਉਣ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ।

CALL NOW FOR YOUR NEW YEAR'S CALENDAR

Tel: 01332-372851
Mob: 07966 388 388
Email:panjabtimes@aol.com / www.panjabtimes.uk

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*

Director: Mr Gurjeet Singh Dhariwal

Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)

UK's FIRST ASIAN MARRIAGE BUREAU

Guaranteed introduction service - Since 1972
CURRENTLY SEEKING MATCHES FOR THE FOLLOWING
JAT SIKH GIRLS (F) & BOYS (M) - (*with turban/beard):

| | | | | |
|---|---|---|---|---|
| 26 | 5'04" | BSc Optometry | Optometrist | Single (F) |
| 27 | 5'03" | B.A. History | Product Manager | Single (F) |
| 27 | 5'07" | M.D. | Doctor | Single (F) |
| 29 | 5'09" | LLB (Hons) | Lawyer (Solicitor) | Single (F) |
| 29 | 5'08" | DDA | Dentist | Single (F) |
| 29 | 5'04" | LLB (Hons) , LPC | Trainee Solicitor | Single (F) |
| 29 | 5'07" | ACCA | Accountant | Single (F) |
| 27 | 6'02" | Graduate | Financial Sector | Single (M) |
| 29 | 5'10"+ | MBChB | Doctor-GP Training | Single (M) |
| 29* | 6'00" | M.Pharms | Pharmacy Area Man. | Single (M) |
| 29 | 6'04" | Graduation | Business Owner | Single (M) |
| 30 | 5'11" | Graduation | Business Owner | Single (M) |

OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK




## ਤਜ਼ਰਬੇਕਾਰ ਪੰਜਾਬੀ ਗਾਇਕਾਂ, ਗਿੱਧੇ ਭੰਗੜੇ ਵਾਲੇ ਮੁੰਡੇ ਕੁੜੀਆਂ ਅਤੇ ਸਾਜ਼ੀਆਂ ਦੀ ਤੁਰੰਤ ਲੋੜ

## PUNJABI FOLK SINGERS, DANCERS AND MUSICIANS URGENTLY REQUIRED

Eurowood is one of the leading European and Asian events company. Our main objective is to develop and enhance the European and Asian arts & cultural industry and promote new talent in movies (Bollywood and International), documentaries, TV live shows, concerts and live studio recordings distributed worldwide.

We require Punjabi folk singers to provide live rendition of Punjabi Sufi, folk, qawwali, ghazals, Boliyan and Tappe, and popular and classical Bollywood songs, as well as own compositions.

Also required are Punjabi folk dancers familiar with Bhangra and Gidda, and musicians to play a variety of Indian / Punjabi folk musical instruments (e.g., Dhol and Sarangi) and Western musical instruments (e.g., Banjo and Keyboard).

Artist must be fluent in Punjabi and Hindi and be well versed with Punjabi folklore and culture. Artists with international experience and performing in front of large live audiences, or prior experience of working in film and television would be given preference.

Artists will be required to perform throughout the UK on selected weekdays and most weekends. Typical performances last 3-4 hours duration, with breaks provided in between. The rates of pay are as follows:

**Singers: £15.88 - £18.00 per hour**
**Dancers: £14.69 - £17.00 per hour**
**Musicians: £13.56 - £16.00 per hour**

Overtime (for performances over 4 hours) shall be paid at pro-rata basis. Overnight accommodation provided during performances. Applicants to apply with Resume and evidence of previous performances (e.g showreel or demotape) awards, citations, media coverage, etc, to the following address:

**FAO: R Sharma, Eurowood Entertainment Ltd, 23 Saxon Street, Leicester LE3 0BL Email: eurowoodtv@gmail.com**
**Closing date for applications: 29 October 2023**

EVENT ANNOUNCEMENT - SATURDAY 28 OCTOBER 2023

At Banda Singh Bahadur Hall
Gurdwara Sri Guru Singh Sabha
Princes St, Derby DE23 8NS • from 10:00am

SUPREME SIKH COUNCIL UNITED KINGDOM

## NATIONAL SIKH CONFERENCE 2023

Dedicated to Community Needs and their Solutions

## ਨੈਸ਼ਨਲ ਸਿੱਖ ਕਾਨਫਰੰਸ

ਭਾਈਚਾਰੇ ਦੀਆਂ ਲੋੜਾਂ ਅਤੇ ਹੱਲਾਂ ਪ੍ਰਤੀ ਸਮੱਰਪਤ

• Remembering 1984 • The Bloom Review • Learning Punjabi
• Gurdwara Initiatives • Going Green Project
• Disability Awareness • Nutrition & Wellbeing
• Speeches Discussions • Exhibitors • Langar

**A special event not to be missed**

Enquires:
info@sikhcounciluk.org
supremesikhcounciluk.org

**ਵਿਚਾਰ :–** ਮਿੱਤਰਤਾ ਰੱਬ ਵਰਗੀ ਪਵਿੱਤਰ ਹੋ ਸਕਦੀ ਹੈ ਬਾਸ਼ਰਤੇ ਇਸ ਵਿਚ ਸੁਆਰਥ, ਮਕਰ ਅਤੇ ਫਰੇਬ ਨਾ ਹੋਵੇ ।



ਰਜਿੰਦਰ ਸਿੰਘ ਪੁਰੇਵਾਲ

# ਨਿਝਰ ਹੱਤਿਆ ਕਾਂਡ ਮਾਮਲੇ ਵਿਚ ਭਾਰਤ ਸਰਕਾਰ ਕੈਨੇਡਾ ਨੂੰ ਸਹਿਯੋਗ ਕਰੇ

ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ’ਵਿਚ ‘ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ’ ਦੇ ਲਾਏ ਦੋਸ਼ਾਂ ਤੋਂ ਬਾਅਦ ਦੋਵਾਂ ਮੁਲਕਾਂ ਵਿਚਾਲੇ ਕੂਟਨੀਤਕ ਤਣਾਅ ਹੈ। ਭਾਰਤ ਨੇ ਕੈਨੇਡਾ ਦੇ ਦੋਸ਼ਾਂ ਨੂੰ ਬੇਤੁਕੇ ਤੇ ਪ੍ਰੇਰਿਤ ਦੱਸ ਕੇ ਖਾਰਜ ਕਰ ਦਿੱਤਾ ਸੀ। ਹੁਣ ਦਿ ਫਾਇਨੈਂਸ਼ੀਅਲ ਟਾਈਮਜ਼’ ਦੀ ਇਕ ਰਿਪੋਰਟ ਮੁਤਾਬਕ ‘ਭਾਰਤ ਨੇ ਕੈਨੇਡਾ ਨੂੰ ਕਿਹਾ ਹੈ ਕਿ ਉਹ 10 ਅਕਤੂਬਰ ਤੱਕ ਆਪਣੇ 62 ਵਿਚੋਂ 41 ਡਿਪਲੋਮੈਟ ਵਾਪਸ ਬੁਲਾ ਲਏ।’ ਖਾਲਿਸਤਾਨੀ ਹਰਦੀਪ ਸਿੰਘ ਨਿਝਰ ਦੀ ਹੱਤਿਆ ਦੇ ਮੁੱਦੇ ਉਤੇ ਦੋਵਾਂ ਦੇਸ਼ਾਂ ਵਿਚਾਲੇ ਕੂਟਨੀਤਕ ਤਣਾਅ ਬਣਿਆ ਹੋਇਆ ਹੈ। ਭਾਰਤ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਉਹ ਦੋਵਾਂ ਦੇਸ਼ਾਂ ਵਿਚ ਡਿਪਲੋਮੈਟਾਂ ਦੀ ਬਰਾਬਰ ਗਿਣਤੀ ਚਾਹੁੰਦਾ ਹੈ। ਦੱਸਣਯੋਗ ਹੈ ਕਿ ਓਟਾਵਾ ਸਥਿਤ ਭਾਰਤ ਦੇ ਹਾਈ ਕਮਿਸ਼ਨ ਨਾਲੋਂ ਨਵੀਂ ਦਿੱਲੀ ਸਥਿਤ ਕੈਨੇਡਾ ਦੇ ਹਾਈ ਕਮਿਸ਼ਨ ਵਿਚ ਕਈ ਦਰਜਨ ਵੱਧ ਡਿਪਲੋਮੈਟ ਹਨ। ਕੈਨੇਡਾ ਵਿਚ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਮੌਜੂਦਗੀ ਕਾਰਨ ਵੱਡੇ ਕੌਂਸੂਲਰ ਸੈਕਸ਼ਨ ਦੀ ਲੋੜ ਪੈਂਦੀ ਹੈ। ਮੀਡੀਆ ਰਿਪੋਰਟ ਮੁਤਾਬਕ ਭਾਰਤ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਹ ਡਿਪਲੋਮੈਟ 10 ਅਕਤੂਬਰ ਤੱਕ ਵਾਪਸ ਨਾ ਗਏ ਤਾਂ ਇਨ੍ਹਾਂ ਨੂੰ ਮਿਲਦੀ ‘ਡਿਪਲੋਮੈਟਿਕ ਇਮਿਊਨਿਟੀ’ (ਕੂਟਨੀਤਕ ਪੱਧਰ ’ਤੇ ਮਿਲਦੀ ਵਿਸ਼ੇਸ਼ ਸਹੂਲਤ) ਖ਼ਤਮ ਕਰ ਦਿੱਤੀ ਜਾਵੇਗੀ। ਭਾਰਤ ਸਰਕਾਰ ਨੇ ਕੈਨੇਡੀਅਨ ਨਾਗਰਿਕਾਂ ਨੂੰ ਵੀਜ਼ਾ ਦੇਣਾ ਪਹਿਲਾਂ ਹੀ ਬੰਦ ਕੀਤਾ ਹੋਇਆ ਹੈ। ਇਸ ਨਾਲ ਕੈਨੇਡਾ ਗੋਰਿਆਂ ਉਪਰ ਤਾਂ ਕੋਈ ਅਸਰ ਨਹੀਂ ਪਵੇਗਾ, ਪਰ ਕੈਨੇਡਾ ਵਿਚ ਰਹਿੰਦੇ ਪੰਜਾਬੀਆਂ ਉਪਰ ਵਡਾ ਅਸਰ ਪਵੇਗਾ। ਇਸ ਨਾਲ ਰਿਸ਼ਤੇਦਾਰ ਆਪਸ ਵਿਚ ਨਹੀਂ ਮਿਲ ਸਕਣਗੇ। ਇੰਡੀਆ ਵਿਚ ਰਹਿੰਦੇ ਮਾਂ ਬਾਪ ਨਹੀਂ ਮਿਲ ਸਕਣਗੇ। ਕੈਨੇਡਾ ਜਾਣ ਦੇ ਚਾਹਵਾਨ ਵਿਦਿਆਰਥੀ ਕੈਨੇਡਾ ਜਾਣ ਬਾਰੇ ਨਹੀਂ ਸੋਚ ਸਕਣਗੇ, ਕਿਉਂ ਕਿ ਭਾਰਤ ਵਿਚ ਕੈਨੇਡਾ ਸਟਾਫ ਦੀ ਕਮੀ ਕਾਰਣ ਰੁਕਾਵਟਾਂ ਪੰਜਾਬੀਆਂ ਨੂੰ ਆਉਣਗੀਆਂ। ਇੰਜ ਜਾਪਦਾ ਹੈ ਜਿਵੇਂ ਇਹ ਸਜ਼ਾ ਕੈਨੇਡਾ ਦੀ ਥਾਂ ਪੰਜਾਬੀਆਂ ਨੂੰ ਦਿਤੀ ਜਾ ਰਹੀ ਹੈ। ਕੈਨੇਡਾ ਦੀ ਵਿਦੇਸ਼ ਮੰਤਰੀ ਮੇਲਾਨੀਆ ਜੌਲੀ ਨੇ ਕਿਹਾ ਕਿ ਕੈਨੇਡਾ ਸਿੱਖ ਵੱਖਵਾਦੀ ਨੇਤਾ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਲੈ ਕੇ ਕੂਟਨੀਤਕ ਵਿਵਾਦ ਨੂੰ ਸੁਲਝਾਉਣ ਲਈ ਭਾਰਤ ਨਾਲ ਨਿੱਜੀ ਗੱਲਬਾਤ ਚਾਹੁੰਦਾ ਹੈ। ਜੌਲੀ ਨੇ ਰਾਇਟਰਜ਼ ਨਿਊਜ ਏਜੰਸੀ ਦੇ ਹਵਾਲੇ ਨਾਲ ਕਿਹਾ ਕਿ ਅਸੀਂ ਭਾਰਤ ਸਰਕਾਰ ਦੇ ਸੰਪਰਕ ਵਿੱਚ ਹਾਂ। ਅਸੀਂ ਕੈਨੇਡੀਅਨ ਡਿਪਲੋਮੈਟਾਂ ਦੀ ਸੁਰੱਖਿਆ ਨੂੰ ਬਹੁਤ ਗੰਭੀਰਤਾ ਨਾਲ ਲੈਂਦੇ ਹਾਂ ਅਤੇ ਅਸੀਂ ਨਿੱਜੀ ਤੌਰ ’ਤੇ ਕੰਮ ਕਰਨਾ ਜਾਰੀ ਰੱਖਾਂਗੇ ਕਿਉਂਕਿ ਸਾਨੂੰ ਲੱਗਦਾ ਹੈ ਕਿ ਕੂਟਨੀਤਕ ਗੱਲਬਾਤ ਉਦੋਂ ਹੀ ਵਧੀਆ ਹੁੰਦੀ ਹੈ ਜਦੋਂ ਉਹ ਨਿੱਜੀ ਰਹਿਣਗੇ। ਜੋਲੀ ਦਾ ਇਹ ਬਿਆਨ ਇੱਕ ਰਿਪੋਰਟ ਤੋਂ ਬਾਅਦ ਆਇਆ ਹੈ ਜਿਸ ਵਿੱਚ ਕਿਹਾ ਗਿਆ ਸੀ ਕਿ ਭਾਰਤ ਨੇ ਕੈਨੇਡਾ ਨੂੰ 41 ਡਿਪਲੋਮੈਟਾਂ ਨੂੰ ਵਾਪਸ ਲੈਣ ਲਈ ਕਿਹਾ ਹੈ।

ਅਮਰੀਕੀ ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਹੁਣੇ ਜਿਹੇ ਕਿਹਾ ਕਿ ਬਾਇਡਨ ਪ੍ਰਸ਼ਾਸਨ ਨੇ ਕਈ ਮੌਕਿਆਂ ’ਤੇ ਭਾਰਤ ਸਰਕਾਰ ਨਾਲ ਰਾਬਤਾ ਕਰ ਕੇ ਉਨ੍ਹਾਂ ਨੂੰ ਭਾਈ ਨਿਝਰ ਦੀ ਮੌਤ ਦੀ ਕੈਨੇਡਾ ਵੱਲੋਂ ਕੀਤੀ ਜਾ ਰਹੀ ਜਾਂਚ ਵਿਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਕਿਹਾ, ‘ਜਿਵੇਂ ਕਿ ਉਨ੍ਹਾਂ ਉਦੋਂ ਵੀ ਸਪੱਸ਼ਟ ਕੀਤਾ ਸੀ, ਮੈਂ ਹੁਣ ਫਿਰ ਦੁਹਰਾਉਂਦਾ ਹਾਂ, ਅਸੀਂ ਇਸ ਮੁੱਦੇ ਉਤੇ ਆਪਣੇ ਕੈਨੇਡੀਅਨ ਸਹਿਯੋਗੀਆਂ ਨਾਲ ਨੇੜਿਓਂ ਰਾਬਤਾ ਰੱਖ ਰਹੇ ਹਾਂ।’ ਮਿਲਰ ਨੂੰ ਜਦ ਪੁੱਛਿਆ ਗਿਆ ਕਿ ਕੀ ਭਾਰਤ ਨੇ ਕੈਨੇਡਾ ਨਾਲ ਸਹਿਯੋਗ ਕਰਨ ਦੀ ਹਾਮੀ ਭਰੀ ਹੈ, ਤਾਂ ਉਨ੍ਹਾਂ ਕਿਹਾ ਕਿ ਇਸ ਦਾ ਜਵਾਬ ਨਵੀਂ ਦਿੱਲੀ ਹੀ ਦੇ ਸਕਦੀ ਹੈ। ਸਮੁੱਚੇ ਤੌਰ ਉਪਰ ਕਹਿਣਾ ਬਣਦਾ ਹੈ ਕਿ ਭਾਈ ਨਿਝਰ ਕਤਲ ਕਾਂਡ ਦੇ ਮਾਮਲੇ ਵਿਚ ਭਾਰਤ ਸਰਕਾਰ ਨੂੰ ਕੈਨੇਡਾ ਦਾ ਸਹਿਯੋਗ ਕਰਨਾ ਚਾਹੀਦਾ ਹੈ ਤੇ ਕੈਨੇਡਾ ਉਪਰ ਲਗਾਈਆਂ ਪਾਬੰਦੀਆਂ ਵਾਪਸ ਲੈਣੀਆਂ ਚਾਹੀਦੀਆਂ ਹਨ। ਇਸ ਨਾਲ ਪੰਜਾਬੀਆਂ ਦਾ ਨੁਕਸਾਨ ਹੋ ਰਿਹਾ ਹੈ। ਸਿਖਾਂ ਦੇ ਮਨਾਂ ਵਿਚ ਮੋਦੀ ਸਰਕਾਰ ਪ੍ਰਤੀ ਇਹ ਵਿਚਾਰ ਬਣ ਰਿਹਾ ਕਿ ਉਹ ਕੈਨੇਡਾ ਵਿਵਾਦ ਦੌਰਾਨ ਸਿਖਾਂ ਦਾ ਨੁਕਸਾਨ ਕਰ ਰਹੇ ਹਨ ਜਾਂ ਸਿਖਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤਖਤ ਦਮਦਮਾ ਸਾਹਿਬ ਤੇ ਸਰਦਾਰ ਗੁਰਤੇਜ ਸਿੰਘ ਆਈਏਐਸ ਨੇ ਹੁਣੇ ਜਿਹੇ ਚੰਡੀਗੜ੍ਹ ਵਿਚ ਕਾਨਫਰੰਸ ਦੌਰਾਨ ਕਿਹਾ ਸੀ ਕਿ ਭਾਰਤ ਸਰਕਾਰ ਵਲੋਂ ਵੱਖਵਾਦੀ ਵਿਚਾਰ ਰੱਖਣ ਵਾਲੇ ਵਿਦੇਸ਼ੀ ਸਿੱਖਾਂ ਦੀ ਜਾਇਦਾਦ ਜਬਤ ਕਰਨ ਅਤੇ ਓ ਸੀ ਆਈ ਕਾਰਡ ਰੱਦ ਕਰਨ ਦੀਆਂ ਕੋਝੀਆਂ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਦੂਜੇ ਪਾਸੇ ਸਿੱਖ ਕਤਲੇਆਮ ਦੇ ਦੋਸ਼ੀਆਂ ਅਤੇ ਸੰਗੀਨ ਅਪਰਾਧਿਕ ਮਾਮਲਿਆਂ ਦੇ ਦੋਸ਼ੀਆਂ ਦੀ ਪੁਸ਼ਤਪਨਾਹੀ ਕੀਤੀ ਜਾ ਰਹੀ ਹੈ। ਸਾਨੂੰ ਅੰਤਰਰਾਸ਼ਟਰੀ ਪੱਧਰ ਤੇ ਸਿੱਖਾਂ ਦੇ ਪੰਜਾਬ ਵਿੱਚ ਹੋਏ ਮਨੁੱਖੀ ਅਧਿਕਾਰਾਂ ਦੇ ਕਤਲ, ਝੂਠੇ ਮੁਕਾਬਲਿਆਂ ਵਿੱਚ ਮਾਰ ਕੇ ਲਾਵਾਰਿਸ ਲਾਸ਼ਾਂ ਕਹਿ ਕੇ ਸਾੜਨ ਵਾਲੇ ਪੰਜਾਬ ਦੇ ਨੌਜਵਾਨਾ ਦਾ ਮੁੱਦਾ ਵੀ ਚੁੱਕਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ 1992 ਵਿਚ ਯੂਐਨਓ ਤਕ ਪਹੁੰਚ ਕਰਨ ਵਾਲਾ ਅਕਾਲੀ ਦਲ ਹੁਣ ਇੱਸ ਮੌਕੇ ਕੇਵਲ ਫ਼ਰਜ਼ੀ ਬਿਆਨਾਂ ਤਕ ਸੀਮਤ ਹੋਕੇ ਰਹਿ ਗਿਆ ਹੈ ਅਤੇ ਪੰਜਾਬ ਦੇ ਚੁਣੇ ਹੋਏ 92 ਨੁਮਾਇੰਦੇ ਵੀ ਇਸ ਮਸਲੇ ਤੋਂ ਕਿਨਾਰਾ ਕਰ ਬੈਠੇ ਦਿਸਦੇ ਹਨ। ਉਹਨਾਂ ਕਿਹਾ ਕਿ ਇਸ ਵੇਲੇ ਪੰਥ ਨੂੰ ਸਮੂਹਕ ਤੌਰ ਤੇ ਸਿੱਖ ਸੰਸਥਾਵਾਂ ਅਤੇ ਵਿਦਵਾਨਾਂ ਦਾ ਵਿਸ਼ਵ ਪੱਧਰੀ ਗਠਜੋੜ ਤਿਆਰ ਕਰਨਾ ਚਾਹੀਦਾ ਹੈ ਜੋ ਨਕਾਰਾ ਹੋ ਚੁਕੀ ਸਿੱਖ ਲੀਡਰਸ਼ਿਪ ਦੀ ਥਾਂ ਤੇ ਸਿੱਖ ਹਿੱਤਾਂ ਦੀ ਦੁਨੀਆਂ ਭਰ ਵਿਚ ਰਾਖੀ ਲਈ ਸਮਰਪਿਤ ਹੋਵੇ, ਇਸ ਦੇ ਨਾਲ ਹੀ ਉਨ੍ਹਾਂ ਸਰਕਾਰ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ ਸਰਕਾਰ ਵਲੋਂ ਸਿੱਖਾਂ ਨੂੰ ਮੁੜ 1980 ਦੇ ਸਮੇਂ ਵੱਲ ਧੱਕਿਆ ਜਾ ਰਿਹਾ ਹੈ, ਦਿੱਲੀ ਦਰਬਾਰ ਸਿੱਖਾਂ ਦੇ ਮਸਲੇ ਸੰਵਾਦ ਰਾਹੀਂ ਹੱਲ ਕਰਨ ਦੀ ਥਾਂ ਸਿੱਖਾਂ ਪ੍ਰਤੀ ਦਮਨਕਾਰੀ ਨੀਤੀ ਅਪਣਾ ਰਹੀ ਹੈ ਜਿਸ ਦੇ ਨਤੀਜੇ ਭਵਿੱਖ ਵਿਚ ਬਹੁਤ ਮੰਦਭਾਗੇ ਹੋ ਸਕਦੇ ਹਨ ਇਸ ਵੇਲੇ ਕੇਂਦਰ ਵਿਚ ਵਿਰੋਧੀ ਧਿਰਾਂ ਦੀ ਚੁੱਪ ਵੀ ਕੇਂਦਰ ਦੇ ਸਿੱਖਾਂ ਪ੍ਰਤੀ ਨੀਤੀ ਦੀ ਸਹਿਮਤੀ ਨਜ਼ਰ ਆ ਰਹੀ ਹੈ, ਉਨ੍ਹਾਂ ਭਾਰਤੀ ਹਕੂਮਤ ਨੂੰ ਸਿੱਖ ਵਿਦਵਾਨਾਂ ਨਾਲ ਗੱਲਬਾਤ ਰਾਹੀ ਮਸਲੇ ਹੱਲ ਕਰਨ ਲਈ ਕਿਹਾ ।

ਪੰਜਾਬ ਟਾਈਮਜ ਦਾ ਵਿਚਾਰ ਹੈ ਕਿ ਇਸ ਮਾਮਲੇ ਵਿਚ ਭਾਰਤ ਸਰਕਾਰ ਦਾ ਅਕਸ ਵਿਗੜ ਰਿਹਾ ਹੈ। ਮਨੁੱਖੀ ਅਧਿਕਾਰਾਂ ਤੇ ਘੱਟਗਿਣਤੀਆਂ ਦੇ ਮਾਮਲੇ ਵਿਚ ਭਾਰਤ ਦਾ ਰਿਕਾਰਡ ਕੌਮਾਂਤਰੀ ਪਧਰ ਉਪਰ ਠੀਕ ਨਹੀਂ। ਦੂਸਰੇ ਪਾਸੇ ਚੀਨ ਨਾਲ ਹਦਾਂ ਦਾ ਵਿਵਾਦ ਵਿਗੜਿਆ ਹੋਇਆ ਹੈ। ਜੇਕਰ ਪੱਛਮ ਨਾਲ ਵਿਗਾੜ ਆ ਗਿਆ ਤਾਂ ਭਾਰਤ ਨੂੰ ਆਰਥਿਕ ਪੱਧਰ ਉਪਰ ਨੁਕਸਾਨ ਉਠਾਉਣਾ ਪੈ ਸਕਦਾ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS



Gurmukh Singh
O B E

# INDIA AT A COSSROADS

## If Modi Comes Again in 2024, India Will Become a Hindu nation...

(Prof Ashutosh Varshney**)

There are new challenges for global Sikh activism as a new chapter is opening in the relationship between BJP-led Indian government and Western democratic countries.

Events in India before and after 1947 and especially after 1984 prolonged *Ghallughara*, and global geo-politics involving BJP-led India in recent months, have always concerned diaspora Sikhs. The history of Indian independence and Sikh movements abroad will confirm that.

Generally, the focus of this column is on events affecting *British* Sikhs as informed by diverse and lawful Sikhi activism. Conflicting advice is often received from visiting Sikh politicians and scholars from India about the legitimacy of coverage of events in India. Indian Panjab is where most Sikhs live. Diaspora Sikhs cannot remain aloof from what goes on in Panjab and the rest of India. It is clear that Sikh journalists, community mentors and activists will be treading a tight rope to strike the right balance. Diverse viewpoints and approaches have to be accommodated but the process must go on to seek a common direction.

The assassination of Hardeep Singh Nijjar on 18 June this year, uncovered the much bigger political game which continues to be played behind the scenes between the big powers. Co-incidentally, three main players, India, the US and the UK are also heading towards general elections next year and the stakes are high. Winning votes is not always a noble cause. .

The Ukraine war, and the global balancing position of India flexing its geo-political muscle sitting in the middle of East-West and North-South blocks, seems to have frustrated the US and allies. President Biden failed to persuade PM Modi to vote for his policy in Ukraine. In this global power game and appeal to win over own domestic voters, it is extremely difficult to say who is doing what to whom and how! There is little doubt that the Sikh card is being played by all concerned. That is not good news for the global Khalsa Panth.

India has great talent in scientists, specialists and scholars which has found expression in the diaspora as well as in India in recent decades. Indian foreign minister S Jaishankar has won well-deserved respect but even he cannot gloss over the history of massacres and mistreatment of Muslims, Dalits and minorities in India and the reactions of discontent in India and abroad. UN and other agencies have expressed grave concern.

As discussed by Indian origin thinkers like Prof Ashutosh Varshney, the future of Indian democracy is bleak if India becomes a Hindu *Rashtra* in due course because the constitutional road to that objective is likely to be covered with much bloodshed. For the Sikhs, the future lies in full engagement and involvement in Indian politics by supporting the downtrodden millions and all right-thinking people of India.

Perhaps responsible Sikh diaspora mentors should be discussing general guidelines for the lawful continuation of Sikhi *miri-piri* activism for *Sarbat da bhalaa*, as mandated by the *Sikh Reht Maryada* (Sikh Code of Conduct). They can also be guided by expert organisations like *Sikhs in Law*.

When dealing with other countries, one important issue for the Sikhs to raise with own governments is harmonisation of basic democratic principles. This should be an important pre-condition to inter-state intelligence sharing and trade deals.

( **https://www.youtube.com/watch?v=xoJmHuvT-eg )

**Gurmukh Singh OBE**, Ret’d Principal Civil Servant (UK) sewauk2005@yahoo.co.uk

# HAVING COMMITTED AN INTERNATIONAL CRIMINAL OFFENCE, WHAT MORAL AND AGAINST INTERNATIONAL LAW DOES THE HINDU STATE HAVE THE RIGHT TO EXPEL CANADIAN DIPLOMATS FROM DELHI? SIMRANJIT SINGH MANN, MEMBER OF PARLIAMENT.

Comments by Simranjit Singh Mann: Shiromani Akali Dal (Amritsar) states that if the Hindu India state has ordered that Canada withdraw its 40 envoys in THIS (Theocratic Hindu Indian State) then it appears that the Hindu state wants to alter its foreign policy, give the name Khalistani to a Sikh living in Western democratic countries and assassinate him.

This is like Nazi Germany's Nuremburg Laws of 1935 which gave the policy to the Nazi state to eliminate the Jews.

If the Western democracies and other countries that believe in humanitarian laws and value human rights then they too should condemn this policy of the Hindu state in making assassination of Sikhs abroad a part of its foreign policy.

Because Canada has taken a hard stand when Hindu India's National Security Advisor and its Intelligence Agencies assassinated a Sikh Canadian citizen in Canada, S. Hardeep Singh Nijjar of Surrey, it has now become aggressive and ordered that 40 Canadian diplomats should leave the Hindu state within 10 days.



This is the beginning of a Nazi like Hindu Indian state and the world democracies must nip the evil in the bud. Therefore, we appeal that the Five Eyes - Canada, UK, USA, New Zealand, Australia and other democratic countries should voluntarily withdraw 5% of their diplomatic staff from the Hindu Indian state.

The world should never let a Nazi state spring up which targets any community, caste, religion, colour as it would lead to drastic events that came into existence during the Nazi and Axis rule in World War II.

This assassination of a Sikh Hardeep Singh Nijjar in Canada by the Hindu Indian states National Security Advisor and its affiliated Intelligence Agencies, an abominable crime in which the Hindu Indian state has had the temerity to violate the sovereignty of the Canadian state, this case should be filed in the International Criminal Court at the Hague and the United Nations Human Rights Commission.

If after the assassination of S. Hardeep Singh Nijjar in Canada, in breach of its sovereignty, the Hindu Indian state continues to take action against Canada, then the Sikhs will be left with no option but to seek the United Nations intervention and ask that Sikhs be given International citizenship.

Such a step of the Hindu Indian state against Canada is also going to upset the balance of power in Europe where Russia has committed aggression and seized large chunks of Ukrainian territories.

The US, Australia and Japan must also examine whether the Hindu Indian state after violating humanitarian and International Laws can remain a faithful and loyal ally in QUAD?

Simranjit Singh Mann,
Member of Parliament,
President,
Shiromani Akali Dal (Amritsar),
Email: simranjitsinghmann@yahoo.com


## ਪੰਜਾਬ ਟਾਈਮਜ਼ ਦਾ ਵੱਟ'ਸ ਐਪ ਨੰਬਰ

ਸਾਡੇ ਜਿਹੜੇ ਗਾਹਕ ਅਤੇ ਸ਼ੁੱਭ ਚਿੰਤਕ ਤੇ ਖਬਰਾਂ/ਤਸਵੀਰਾਂ ਭੇਜਣ ਵਾਲੇ ਈਮੇਲ ਦੀ ਵਰਤੋਂ ਘੱਟ ਕਰਦੇ ਹਨ, ਤੇ ਉਹ ਵੱਟ'ਸ ਐਪ ਆਸਾਨੀ ਨਾਲ ਵਰਤ ਲੈਂਦੇ ਹਨ, ਉਹਨਾਂ ਵਾਸਤੇ ਪੰਜਾਬ ਟਾਈਮਜ਼ ਦਾ ਇਹ ਵਿਸ਼ੇਸ਼ ਨੰਬਰ ਜਾਰੀ ਕੀਤਾ ਗਿਆ ਹੈ। ਤੁਸੀਂ ਇਸ ਨੰਬਰ ਤੇ ਖਬਰ/ਤਸਵੀਰ/ ਇਸ਼ਤਿਹਾਰ ਜਾਂ ਹੋਰ ਕੋਈ ਜਾਣਕਾਰੀ ਭੇਜ ਸਕਦੇ ਹੋ :



**07966 388 388**



## VACANCIES JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

ਵੁਲਵਰਹੈਂਪਟਨ, ਵਾਲਸਾਲ, ਵਿਲਨਹਾਲ, ਵੈਸਟ ਬ੍ਰਾਮਵਿਚ ਅਤੇ ਮਾਨਚੈਸਟਰ ਵਿਖੇ ਇਮਾਰਤਸਾਜ਼ੀ (ਬਿਲਡਿੰਗ) ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ। ਕਾਮੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਸਾਨੂੰ ਸਬ-ਕੰਟਰੈਕਟਰ, ਕੰਕਰੀਟ ਫ਼ਿਨਿਸ਼ਰ, ਸਟੀਲ ਫਿਕਸਿੰਗ ਅਤੇ ਜੋਇਨਰੀ ਵਾਲੇ ਵੀ ਚਾਹੀਦੇ ਹਨ। ਸੀ ਐਸ ਸੀ ਐਸ (CSCS) ਕਾਰਡ ਵਾਲੇ ਮਿ: ਰੰਧਾਵਾ ਨਾਲ ਸੰਪਰਕ ਕਰਨ









**Sub-Contractors, Concrete Finishers, Steel fixing and Joinery on commercial site.**

Workers, Required around Wolverhampton, Walsall, Willenhall, West Bromwich, Smethwick and Manchester, for work on Construction Sites.

Candidates must have right to work in U.K. and CSCS card.

FOR INFORMATION PLEASE CONTACT:
MR. RANDHAWA Tel/Fax:01902 497 404

**JSR CONTRACTS LTD.**
4 GLYN AVENUE, BILSTON, WV14 8NL
Email:jsrcontractsltd@gmail.com


## ਅਕਤੂਬਰ 2023 ਤੋਂ ਪੰਜਾਬ ਟਾਈਮਜ਼ ਪਰਚੇ ਦੀ ਕੀਮਤ ਵਿੱਚ ਵਾਧਾ ਹੋਵੇਗਾ

ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਕਤੂਬਰ ਮਹੀਨੇ ਤੋਂ ਰੋਇਲ ਮੇਲ ਵੱਲੋਂ ਪੋਸਟੇਜ਼ ਦੀਆਂ ਕੀਮਤਾਂ ਵਿੱਚ ਭਾਰੀ ਵਾਧਾ ਕੀਤਾ ਜਾ ਰਿਹਾ ਹੈ। ਇਕ ਪੇਪਰ ਭੇਜਣ ਲਈ ਪਰਚੇ ਦੀ ਕੀਮਤ ਤੋਂ ਇਲਾਵਾ 2 ਪੌਂਡ 60 ਪੈਂਸ ਪੇਪਰ ਤੇ ਕੇਵਲ ਪੋਸਟੇਜ਼ ਦਾ ਖਰਚਾ ਆਵੇਗਾ। ਜਿਸ ਕਰਕੇ ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ ਸਾਨੂੰ ਇਕ ਸਾਲ ਲਈ ਪੇਪਰ ਪੋਸਟ ਵਿੱਚ ਮੰਗਵਾਉਣ ਲਈ ਜਿਹੜੀ ਪਹਿਲਾਂ ਕੀਮਤ ਸਾਲ ਦੀ 128 ਪੌਂਡ ਹੁੰਦੀ ਸੀ ਉਹ ਹੁਣ ਤੋਂ 180 ਪੌਂਡ ਸਾਲ ਦੀ ਤੇ ਛੇ ਮਹੀਨਿਆਂ ਦੀ 95 ਪੌਂਡ ਹੋਵੇਗੀ। ਅਕਤੂਬਰ ਤੋਂ ਪੇਪਰ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਕਾਰਨ ਪੰਜਾਬ ਟਾਈਮਜ਼ ਦੀ ਕੀਮਤ ਪਹਿਲਾਂ 1 ਪੌਂਡ 50 ਪੈਨੀਆਂ ਸੀ ਹੁਣ £2·00 ਪੌਂਡ ਹੋਵੇਗੀ। ਅਸੀਂ ਉਮੀਦ ਕਰਦੇ ਹਾਂ ਪਾਠਕ ਇਨ੍ਹਾਂ ਮਜ਼ਬੂਰੀਆਂ ਨੂੰ ਸਮਝਦੇ ਹੋਏ ਸਾਡਾ ਪੂਰਾ ਸਾਥ ਦੇਣਗੇ। ਇਸ ਲਈ ਅਸੀਂ ਪਾਠਕਾਂ ਤੋਂ ਪੂਰਾ ਸਹਿਯੋਗ ਚਾਹੁੰਦੇ ਹਾਂ। ਕਿਉਂਕਿ ਪਹਿਲਾਂ ਤੋਂ ਪਰਚੇ ਵਿੱਚ ਇਸ਼ਤਿਹਾਰਾਂ ਦੀ ਵੀ ਕਾਫ਼ੀ ਕਮੀ ਹੋ ਗਈ ਹੈ ਜਿਸ ਕਰਕੇ ਪੇਪਰ ਦੀ ਛਪਾਈ ਆਦਿ ਦੇ ਖਰਚੇ ਪੂਰੇ ਕਰਨੇ ਮੁਸ਼ਕਿਲ ਹੋ ਜਾਂਦੇ ਹਨ।

**ਇਸ ਸਮੇਂ ਯੂ ਕੇ ਵਿੱਚ ਕੇਵਲ ਇਕੋ ਪੰਜਾਬੀ ਅਖਬਾਰ ਪੰਜਾਬ ਟਾਈਮਜ਼ ਹੀ ਛਪਦਾ ਹੈ, ਆਓ ਸਾਰੇ ਰਲ ਮਿਲ ਕੇ ਆਪਣੇ ਇਸ ਪੰਜਾਬੀ ਪਰਚੇ ਨੂੰ ਚਲਦਾ ਰੱਖਣ ਲਈ ਸਹਿਯੋਗ ਦੇਈਏ।**

**ਯੂ ਕੇ ਦੇ ਪੰਜਾਬੀਆਂ ਲਈ ਇਕ ਵੱਡਾ ਸਵਾਲ ਹੈ ?**
**ਕੀ ਉਹ ਆਪਣਾ ਇਕ ਅਖਬਾਰ ਵੀ ਨਹੀਂ ਬਚਾਅ ਸਕਦੇ ?**

ਹਰ ਪਾਠਕ ਆਪਣੇ ਦੋਸਤਾਂ, ਮਿੱਤਰਾਂ, ਰਿਸ਼ਤੇਦਾਰਾਂ ਨੂੰ ਪਾਠਕ ਬਣਾਏ ਤਾਂ ਆਪਣਾ ਇਹ ਪਰਚਾ ਚੱਲਦਾ ਰਹਿ ਸਕਦਾ ਹੈ। ਡਾਕ ਰਾਹੀਂ ਪਰਚਾ ਘਰ ਮੰਗਵਾਓ

**ਇਕ ਸਾਲ ਦਾ ਚੰਦਾ 180 ਪੌਂਡ, ਛੇ ਮਹੀਨੇ ਦਾ ਚੰਦਾ 95 ਪੌਂਡ**

**PANJAB TIMES** www.fb.com/punjabtimesuk
BRIDLE GATE LANE, ALVASTON, DERBY, DE24 0QW, U.K.
TEL: 01332 372851 FAX:374 819 What'sApp: 07966 388 388
Email: Panjabtimes@aol.com / Web:www:panjabtimes.uk

# ਕਿਸਮਤ ਦੇ ਸਿਤਾਰੇ

**ਵੀਰਵਾਰ 05 ਅਕਤੂਬਰ ਤੋਂ ਬੁੱਧਵਾਰ 11ਅਕਤੂਬਰ 2023 ਤੱਕ**

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਆਮਦਨ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ-ਨਾਲ ਧਨ ਦਾ ਖਰਚ ਵੀ ਜ਼ਿਆਦਾ ਹੋਵੇਗਾ। ਸੰਤਾਨ ਪੱਖੋਂ ਖ਼ੁਸ਼ੀ ਦੇ ਮੌਕੇ ਮਿਲਣਗੇ। ਕਿਸੇ ਖਾਸ ਕੰਮ ਲਈ ਦੇਰੀ ਹੋਣ ਨਾਲ ਮਨ ਪ੍ਰੇਸ਼ਾਨ ਹੋਵੇਗਾ। ਕਾਰੋਬਾਰ ਵਿੱਚ ਤਬਦੀਲੀ ਦਾ ਵਿਚਾਰ ਵੀ ਬਣ ਸਕਦਾ ਹੈ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਲੰਬਾ ਸਮਾਂ ਸ਼ਾਂਤੀ ਆਵੇਗੀ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਹਾਲਾਤ ਵਿੱਚ ਕੁਝ ਸੁਧਾਰ ਦੇ ਸੰਕੇਤ ਹਨ। ਹੌਲੀ-ਹੌਲੀ ਆਰਥਿਕ ਖੇਤਰ ਵਿੱਚ ਕੁਝ ਬਦਲਾਵ ਅਤੇ ਲਾਭ ਦੇ ਯੋਗ ਬਣਨਗੇ। ਇਸ ਹਫ਼ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਸਿਹਤ ਢਿੱਲੀ ਰਹਿ ਸਕਦੀ ਹੈ। ਪਰਿਵਾਰਕ ਸਹਿਯੋਗ ਨਾਲ ਤਰੱਕੀ ਦੇ ਮੌਕੇ ਮਿਲਣਗੇ। ਪਰਿਵਾਰ ਸਮੇਤ ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਨੌਕਰੀ/ਕਾਰੋਬਾਰੀ ਖੇਤਰ ਵਿੱਚ ਸੰਘਰਸ਼ ਜ਼ਿਆਦਾ ਹੋਵੇਗਾ। ਨਵੇਂ ਖੇਤਰ ਦੀ ਤਲਾਸ਼ ਅਤੇ ਸਹਿਯੋਗ ਲਈ ਕੋਸ਼ਿਸ਼ ਕਰਦੇ ਰਹੋਗੇ। ਦਾਮਪਤਯ ਸਬੰਧਾਂ ਵਿੱਚ ਉਤਸ਼ਾਹ ਤੇ ਸੁੱਖ-ਸਾਧਨਾਂ ਵਿੱਚ ਵਾਧਾ ਹੋਵੇਗਾ। ਕਿਸੇ ਗਰੀਬ ਪਰਿਵਾਰ ਦੇ ਬੱਚੇ ਨੂੰ ਧਾਰਮਿਕ ਜਾਂ ਪੰਜਾਬੀ ਦੀਆਂ ਕਿਤਾਬਾਂ ਲੈ ਕੇ ਦਿਉ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਘਰੇਲੂ ਪ੍ਰੇਸ਼ਾਨੀਆਂ ਕਰਕੇ ਮਨ ਬੇਚੈਨ ਰਹੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ, ਪਰ ਕਾਰੋਬਾਰੀ ਹਾਲਾਤ ਮੱਧਮ ਰਹਿਣਗੇ। ਉੱਚ ਅਧਿਕਾਰੀਆਂ ਦੀ ਮਦਦ ਵਿੱਚ ਵੀ ਵਾਧਾ ਹੋਵੇਗਾ, ਪਰ ਦਿਮਾਗੀ ਤਣਾਅ ਤੇ ਗੁਪਤ ਚਿੰਤਾ ਬਣੀ ਰਹੇਗੀ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਵਿਗੜੇ ਕੰਮਾਂ ਵਿੱਚ ਸੁਧਾਰ ਤੇ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਰੋਜ਼ਾਨਾ ਦੇ ਕੰਮਾਂ ਵਿੱਚ ਤਰੱਕੀ ਹੋਵੇਗੀ। ਵਪਾਰ ਨੂੰ ਵਧਾਉਣ ਲਈ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮਦਦ ਮਿਲੇਗੀ। ਨਵੇਂ-ਨਵੇਂ ਲੋਕਾਂ ਨਾਲ ਮੇਲ-ਜੋਲ ਵਧੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਧਨ ਲਾਭ ਤੇ ਸੁੱਖ-ਸਾਧਨਾਂ ਵਿੱਚ ਥੋੜ੍ਹਾ ਵਾਧਾ ਹੋਵੇਗਾ। ਧਰਮ-ਕਰਮ ਦੇ ਕੰਮਾਂ ਵਿੱਚ ਸਮਾਂ ਬੀਤੇਗਾ। ਪਰਿਵਾਰ ਵੱਲੋਂ ਕਿਸੇ ਸ਼ੁੱਭ ਕੰਮ ਦੀ ਖਬਰ ਮਿਲੇਗੀ। ਸਿਹਤ ਸਬੰਧੀ ਪ੍ਰੇਸ਼ਾਨੀ, ਪਰਿਵਾਰ ਵਿੱਚ ਮੱਤਭੇਦ, ਭੱਜ-ਦੌੜ ਅਤੇ ਗੁੱਸਾ ਵੀ ਜ਼ਿਆਦਾ ਆਵੇਗਾ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਵਪਾਰਕ ਤੇ ਘਰੇਲੂ ਹਾਲਾਤ ਵਿੱਚ ਕੁਝ ਖਾਸ ਬਦਲਾਵ ਹੋਣਗੇ। ਮਿਹਨਤ ਕਰਨ ਨਾਲ ਧਨ ਲਾਭ ਅਤੇ ਕਾਰੋਬਾਰ ਦੇ ਖੇਤਰ ਵਿੱਚ ਹੌਲੀ-ਹੌਲੀ ਤਰੱਕੀ ਹੋਵੇਗੀ, ਪਰ ਫਜ਼ੂਲ ਦੀ ਭੱਜ-ਦੌੜ, ਮਨ ਵਿੱਚ ਅਸ਼ਾਂਤੀ ਤੇ ਦਿਮਾਗੀ ਤਣਾਉ ਬਣਿਆ ਰਹੇਗਾ। ਆਪਣੇ ਮਾਤਾ ਪਿਤਾ ਨੂੰ ਪਿਆਰ ਨਾਲ ਸਤਿ ਸ੍ਰੀ ਅਕਾਲ ਬੁਲਾਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਸਰਕਾਰੀ ਖੇਤਰਾਂ ਵਿੱਚ ਲਾਭ ਅਤੇ ਮਾਣ-ਇੱਜ਼ਤ ਬਣੀ ਰਹੇਗੀ। ਕਿਸੇ ਨਵੇਂ ਕੰਮ ਦੀ ਯੋਜਨਾ ਵਿੱਚ ਧਨ ਦਾ ਨਿਵੇਸ਼ ਕਰਨ ਲਈ ਪਰਿਵਾਰਕ ਸਹਿਯੋਗ ਅਤੇ ਸਲਾਹ ਜਰੂਰੀ ਹੋਵੇਗੀ। ਦਿਮਾਗੀ ਤਣਾਉ ਦੇ ਨਾਲ-ਨਾਲ ਗੁਪਤ ਚਿੰਤਾ ਵੀ ਬਣੀ ਰਹੇਗੀ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਇਸ ਹਫਤੇ ਕੋਈ ਸ਼ੁੱਭ ਸਮਾਚਾਰ ਅਤੇ ਅਣਦੇਖੇ ਲਾਭ ਦੀ ਪ੍ਰਾਪਤੀ ਹੋਵੇਗੀ। ਆਰਥਿਕ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋਣਗੇ। ਕਾਰੋਬਾਰੀ ਰੁਝੇਵੇਂ ਬਣੇ ਰਹਿਣਗੇ। ਮਿੱਤਰਾਂ ਤੇ ਰਿਸ਼ਤੇਦਾਰਾਂ ਦਾ ਸਹਿਯੋਗ ਮਿਲਣ ਵਿੱਚ ਮੁਸ਼ਕਿਲ ਰਹੇਗੀ। ਮਨ ਅੰਦਰ ਸਿਰਫ ਪ੍ਰਮਾਤਮਾ ਦਾ ਸਿਮਰਨ ਕਰੋ, ਕਾਰਜ ਸਿੱਧ ਹੋਣਗੇ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਧਨ ਦਾ ਫਜ਼ੂਲ ਖਰਚ, ਧਨ ਦਾ ਨੁਕਸਾਨ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਹੋਣਗੀਆਂ। ਸਰੀਰਕ ਕਸ਼ਟ, ਅਨਜਾਨ ਡਰ ਅਤੇ ਯਾਤਰਾ ਕਰਕੇ ਪ੍ਰੇਸ਼ਾਨੀ ਰਹੇਗੀ। ਕਾਰੋਬਾਰੀ ਉਤਾਰ-ਚੜ੍ਹਾਵ ਤੇ ਬਦਲਾਵਾਂ ਦੇ ਰਹਿੰਦੇ ਹੋਏ ਆਮਦਨ ਦੇ ਸਾਧਨ ਬਣਦੇ ਰਹਿਣਗੇ। ਤਾਂਤਰਿਕ ਜੋਤਸ਼ੀ ਵੱਡੇ ਠੱਗ ਹੋ ਸਕਦੇ ਹਨ, ਇਨ੍ਹਾਂ ਨੂੰ ਨਾ ਮਿਲੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਬਿਨਾਂ ਕਿਸੇ ਕਾਰਨ ਗੁੱਸਾ, ਉਤੇਜਨਾ ਅਤੇ ਕਾਰੋਬਾਰ/ਨੌਕਰੀ ਵਿੱਚ ਸੰਘਰਸ਼ ਭਰੇ ਹਾਲਾਤ ਦਾ ਸਾਹਮਣਾ ਹੋਵੇਗਾ। ਪਰਿਵਾਰਕ ਮੱਤਭੇਦ ਅਤੇ ਆਪਣੇ ਵੀ ਪਰਾਏ ਵਰਗਾ ਵਰਤਾਉ ਕਰਨਗੇ, ਪਰ ਹਾਲਾਤ ਵਿੱਚ ਕੁਝ ਸੁਧਾਰ ਦੇ ਵੀ ਯੋਗ ਹਨ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਇਸ ਹਫਤੇ ਉਲਝਣਾਂ ਦੇ ਬਾਵਜੂਦ ਪਰਾਕ੍ਰਮ ਵਿੱਚ ਵਾਧਾ ਹੋਵੇਗਾ। ਆਮਦਨ ਘੱਟ ਤੇ ਖਰਚ ਜ਼ਿਆਦਾ ਹੋਣਗੇ। ਇਸਤਰੀ ਤੇ ਸੰਤਾਨ ਵੱਲੋਂ ਸ਼ੁੱਭ ਸਮਾਚਾਰ ਮਿਲਣਗੇ। ਕੋਈ ਨਵਾਂ ਗੱਠਜੋੜ ਭਾਗਯ ਦੀ ਤਰੱਕੀ ਲਈ ਮਦਦਗਾਰ ਹੋਵੇਗਾ। ਬੇਲੋੜੀ ਯਾਤਰਾ ਤੇ ਫਜ਼ੂਲ ਖਰਚੀ ਤੋਂ ਪ੍ਰਹੇਜ਼ ਕਰੋ। ਹਫ਼ਤੇ ਵਿੱਚ ਪੰਜ ਦਿਨ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

## ਹਾਸੇ ਦੀ ਪਟਾਰੀ

**ਪਹਿਲਾ** ਕੈਦੀ (ਦੂਜੇ ਨੂੰ), ਤੈਨੂੰ ਪੁਲਸ ਨੇ ਕਿਉਂ ਫੜਿਆ?

ਦੂਜਾ, ਬੈਂਕ ਲੁੱਟਣ ਤੋਂ ਬਾਅਦ ਉਥੇ ਹੀ ਬੈਠ ਪੈਸੇ ਗਿਣਨ ਲੱਗਾ ਤਾਂ ਪੁਲਸ ਨੇ ਫੜ ਲਿਆ।

ਪਹਿਲਾ, ਉਥੇ ਹੀ ਪੈਸੇ ਗਿਣਨ ਦੀ ਕੀ ਲੋੜ ਸੀ?

ਦੂਜਾ, ਉਥੇ ਲਿਖਿਆ ਸੀ ਕਿ ਕਾਊਂਟਰ ਛੱਡਣ ਤੋਂ ਪਹਿਲਾਂ ਪੈਸੇ ਗਿਣ ਲਵੋ, ਬਾਅਦ ਵਿੱਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।

**ਪੱਪੂ,** ਅੱਜ ਗੁਆਂਢਣ ਨਾਲ ਮੇਰੀ ਲੜਾਈ ਹੋ ਗਈ।

ਗੱਪੂ, ਕੀ ਕਿਹਾ ਉਸ ਨੇ?

ਪੱਪੂ, ਕਹਿ ਕੇ ਗਈ ਹੈ ਕਿ ਦਮ ਹੈ ਤਾਂ ਇਕੱਲਾ ਆ ਕੇ ਮਿਲ। ਉਸ ਵੇਲੇ ਤੋਂ ਮਨ ਪ੍ਰੇਸ਼ਾਨ ਹੈ ਕਿ ਸਾਲੀ ਧਮਕੀ ਦੇ ਕੇ ਗਈ ਹੈ ਜਾਂ ਆਫਰ।

*---*---*

**ਪਤਨੀ,** ਮੈਂ ਦੁਬਾਰਾ ਵਿਆਹ ਕਰਾਉਣ ਦਾ ਫੈਸਲਾ ਕੀਤਾ ਹੈ।

ਪਤੀ, ਅਜਿਹਾ ਕਿਉਂ?

ਪਤਨੀ, ਕਿਉਂਕਿ ਸਾਡੇ ਪਿਛਲੇ ਵਿਆਹ ਦੀ ਫੋਟੋ ਨੂੰ ਬਹੁਤ ਘੱਟ ਲਾਈਕਸ ਮਿਲੇ ਹਨ।

ਪੰਜਾਬ ਟਾਈਮਜ਼
PANJAB TIMES (EST 1965)
ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :
FOR SUBSCRIPTION
(PLEASE TICK ONE RELEVANT BOX)
6 MONTHS ---- £95 ☐
1 YEAR ---- £180 ☐
ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।
NAME.........................................................................
ADDRESS....................................................................
.............................................POST CODE............................
TEL............................................................................
Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85
Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੁਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

ਡਾ. ਗੁਰਤੇਜ ਸਿੰਘ



# ਬਾਬਿਆਂ, ਡੇਰਿਆਂ ਦੇ ਪਾਖੰਡਵਾਦ ਦਾ ਮਹਾਜਾਲ ਵਿਚ ਫਸਿਆ ਅਜੋਕਾ ਮਨੁੱਖ

ਅੱਜ ਪੰਜਾਬ ਦੇ ਬਹੁਤੇ ਘਰਾਂ ਦਾ ਮਾਹੌਲ ਵਿਗੜਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਸ਼ਰਾਬ ਪੀਣਾ ਜਾਂ ਹੋਰ ਨਸ਼ੇ ਕਰਨਾ ਹੈ। ਨਸ਼ੇ ਅੱਜ ਪੰਜਾਬ ਨੂੰ ਅਜਿਹੇ ਘੁਣ ਵਾਂਗ ਲੱਗ ਗਏ ਹਨ ਕਿ ਪਰਿਵਾਰਾਂ ਦੇ ਪਰਿਵਾਰ ਟੁੱਟ ਰਹੇ ਹਨ। ਕਿਸੇ ਘਰ ਦਾ ਇੱਕੋ-ਇੱਕ ਕਮਾਉਣ ਵਾਲਾ ਨਸ਼ੇ ਦਾ ਆਦੀ ਹੋ ਜਾਂਦਾ ਹੈ ਤੇ ਅੰਤ ਇਸੇ ਵਿੱਚ ਗ਼ਲਤਾਨ ਹੋਇਆ ਦਮ ਤੋੜ ਜਾਂਦਾ ਹੈ ਤੇ ਪਰਿਵਾਰ ਦਾ ਗੁਜ਼ਾਰਾ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਜਾਂ ਕਿਸੇ ਦੀ ਔਲਾਦ ਨਸ਼ੇ ਦੀ ਆਦੀ ਹੋ ਕੇ ਭਰ ਜਵਾਨੀ ਵਿੱਚ ਸਿਵਿਆਂ ਦੇ ਰਾਹ ਪੈ ਜਾਂਦੀ ਹੈ। ਇਸ ਸਮੱਸਿਆ ਦਾ ਅਸਲ ਕਾਰਨ ਤੇ ਉਸ ਦੇ ਹੱਲ ਲਈ ਯਤਨ ਕਰਨ ਨਾਲੋਂ ਲੋਕ ਫ਼ਾਲਤੂ ਚੀਜ਼ਾਂ ਦਾ ਸਹਾਰਾ ਲੈ ਰਹੇ ਹਨ। ਘਰ ਵਿੱਚ ਅਜਿਹਾ ਕੁਝ ਹੋਣ 'ਤੇ ਇਹ ਸਮਝਿਆ ਜਾਂਦਾ ਹੈ ਕਿ ਘਰ ਉੱਪਰ ਕਿਸੇ ਓਪਰੀ ਛਾਇਆ ਦਾ ਅਸਰ ਹੈ ਜਾਂ ਕਿਸੇ ਨੇ ਕਾਲਾ ਜਾਦੂ ਕਰਵਾ ਦਿੱਤਾ ਹੈ। ਇਨ੍ਹਾਂ ਕਾਲਪਨਿਕ ਬਲਾਵਾਂ ਤੋਂ ਪਿੱਛਾ ਛੁਡਵਾਉਣ ਲਈ ਲੋਕ ਤਾਂਤਰਿਕਾਂ, ਅਖੌਤੀ ਬਾਬਿਆਂ ਆਦਿ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਅਖੌਤੀ ਬਾਬੇ ਜਾਂ ਆਪਣੇ ਆਪ ਨੂੰ ਤਾਂਤਰਿਕ ਦੱਸਣ ਵਾਲੇ ਲੋਕ ਗ਼ਲਤ ਤੇ ਫ਼ਾਲਤੂ ਦੀਆਂ ਗੱਲਾਂ ਵਿੱਚ ਆਮ ਲੋਕਾਂ ਨੂੰ ਫਸਾ ਲੈਂਦੇ ਹਨ ਜਿਵੇਂ ਘਰ ਦੇ ਕਿਸੇ ਚਾਰ ਪੰਜ ਸਾਲ ਦੇ ਬੱਚੇ ਦੇ ਅੰਗੂਠੇ ਵਿੱਚ ਫੋਟੋ ਦਿਖਾ ਕੇ ਪਰਿਵਾਰ ਨੂੰ ਭਰਮਾ ਲਿਆ ਜਾਂਦਾ ਹੈ। (ਇਸ ਵਿੱਚ ਅੰਗੂਠੇ ਦੇ ਨਹੁੰ ਉੱਪਰ ਤੇਲ ਲਗਾ ਦਿੱਤਾ ਜਾਂਦਾ ਹੈ ਤੇ ਉਸ ਤੇਲ ਵਿੱਚ ਆਲੇ-ਦੁਆਲੇ ਹੋਣ ਵਾਲਾ ਸਭ ਕੁਝ ਦਿਖਾਈ ਦਿੰਦਾ ਹੈ, ਜਿਸ ਨੂੰ ਛੋਟਾ ਬੱਚਾ ਸੱਚ ਮੰਨ ਲੈਂਦਾ ਹੈ)।

ਇਸ ਸਭ ਤੋਂ ਤਾਂਤਰਿਕ ਗੱਲਾਂ-ਗੱਲਾਂ ਵਿੱਚ ਤਾਂਤਰਿਕ ਇਹ ਜਾਣ ਲੈਂਦਾ ਹੈ ਕਿ ਘਰ ਵਾਲਿਆਂ ਦੇ ਮਨ ਵਿੱਚ ਕਿਸ ਵਿਅਕਤੀ ਪ੍ਰਤੀ ਸ਼ੱਕ ਹੈ। ਇਹ ਜਾਨਣ ਤੋਂ ਬਾਅਦ ਉਹ ਮਨਘੜਤ ਕਹਾਣੀ ਬਣਾ ਸਾਰਾ ਦੋਸ਼ ਉਸ ਵਿਅਕਤੀ ਸਿਰ ਮੜ ਦਿੰਦਾ ਹੈ। ਇਸਦੇ ਇਲਾਜ ਲਈ ਕਾਗ਼ਜ਼ ਉੱਤੇ ਪੁੱਠੇ ਸਿੱਧੇ ਅੱਖਰ ਵਾਹ ਕੇ ਤਵੀਤ ਬਣਾ ਕੇ ਦਿੱਤੇ ਜਾਂਦੇ ਹਨ ਜੋ ਘਰ ਦੇ ਦਰਵਾਜ਼ੇ ਨਾਲ ਬੰਨ੍ਹਣ ਤੇ ਪਾਣੀ ਵਿੰਚ ਘੋਲ ਕੇ ਪੀਣ ਆਦਿ ਲਈ ਕਿਹਾ ਜਾਂਦਾ ਹੈ। ਅਜਿਹੀਆਂ ਘਟਨਾਵਾਂ ਸਮਾਜ ਵਿੱਚ ਆਮ ਹਨ ਤੇ ਜ਼ਿਆਦਾਤਰ ਲੋਕਾਂ ਨਾਲ ਸਬੰਧਤ ਹਨ। ਕੁਝ ਚਲਾਕ ਲੋਕ ਅੱਜ ਪਾਖੰਡਵਾਦ ਅਤੇ ਲੋਕਾਂ ਦੀ ਅਗਿਆਨਤਾ ਦਾ ਲਾਹਾ ਲੈ ਕੇ ਆਪਣਾ ਤੋਰੀ ਫੁਲਕਾ ਚਲਾ ਰਹੇ ਹਨ।

ਹਰ ਪਿੰਡ ਅਤੇ ਸ਼ਹਿਰ ਵਿੱਚ ਤਾਂਤਰਿਕਾਂ ਦੇ ਅੱਡੇ ਹਨ ਜਿੱਥੇ ਇਹ ਆਪਣਾ ਗੋਰਖਧੰਦਾ ਚਲਾਉਂਦੇ ਹਨ। ਇਨ੍ਹਾਂ ਦੇ ਜਾਲ਼ ਦੇ ਤੰਦ ਇੰਨੇ ਬਾਰੀਕ ਹੁੰਦੇ ਹਨ ਕਿ ਅਨਪੜ੍ਹ ਤਾਂ ਕੀ ਪੜ੍ਹੇ ਲਿਖੇ ਲੋਕ ਵੀ ਇਸ ਵਿੱਚ ਫਸ ਜਾਂਦੇ ਹਨ। ਇਹ ਤਾਂਤ੍ਰਿਕ ਲੋਕਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਤੱਕ ਵੀ ਕਰਦੇ ਹਨ। ਲੋਕ ਪਤਾ ਨਹੀਂ ਕਿਹੜੀ ਜੰਨਤ ਦੀ ਲਾਲਸਾ ਵਿੱਚ ਅਜੋਕੇ ਸਮੇਂ ਵੀ ਢੋਂਗੀਆਂ ਤੋਂ ਆਪਣੀ ਸਰੀਰਕ, ਮਾਨਸਿਕ ਅਤੇ ਆਰਥਿਕ ਲੁੱਟ ਕਰਵਾ ਰਹੇ ਹਨ। ਭੂਤਾਂ ਕੱਢਣ ਦੇ ਨਾਮ ਉੱਤੇ



ਇਹ ਰੋਗੀ ਦੀ ਬੇਰਹਿਮੀ ਨਾਲ ਮਾਰ ਕੁਟਾਈ ਕਰਦੇ ਹਨ ਤੇ ਖ਼ਤਰਨਾਕ ਤਸੀਹੇ ਤੱਕ ਦਿੰਦੇ ਹਨ, ਜਿਸ ਨਾਲ ਕਈ ਵਾਰ ਵਿਅਕਤੀ ਦੀ ਮੌਤ ਤੱਕ ਹੋ ਜਾਂਦੀ ਹੈ। ਇਸ ਦੀਆਂ ਤਾਜ਼ਾ ਉਦਾਹਰਨਾਂ ਦਿੱਲੀ ਅਤੇ ਕੇਰਲਾ ਵਿੱਚ ਇੱਕੋ ਪਰਿਵਾਰ ਦੇ ਸਾਰੇ ਜੀਆਂ ਦਾ ਭੇਦਭਰੀ ਹਾਲਤ ਵਿੱਚ ਛੱਤ ਨਾਲ ਲਟਕਦੇ ਮਿਲਣਾ ਹੈ।

ਕੁਝ ਸਾਲ ਪਹਿਲਾਂ ਮੋਗਾ ਜ਼ਿਲੇ ਦੇ ਪਿੰਡ ਭਿੰਡਰ ਕਲਾਂ ਦੀ ਮਹਿਲਾ ਤਾਂਤਰਿਕ ਨੇ ਅੱਠ-ਦਸ ਸਾਲ ਦੀ ਬੱਚੀ ਨੂੰ ਭੂਤ ਕੱਢਣ ਦੇ ਨਾਂ 'ਤੇ ਚਿਮਟੇ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਹੈਰਾਨੀ ਦੀ ਗੱਲ ਇਹ ਕਿ ਉਹ ਉਸ ਸਮੇ ਪਿੰਡ ਦੀ ਸਰਪੰਚ ਸੀ ਅਤੇ ਸ਼ਰੇਆਮ ਭੀੜ ਵਿੱਚ ਇਸ ਘਿਨੌਣੇ ਕਾਰੇ ਨੂੰ ਅੰਜਾਮ ਦਿੱਤਾ ਗਿਆ ਸੀ। ਰੋਗੀ ਕੁੜੀ ਲੋਕਾਂ ਤੋਂ ਪਾਣੀ ਮੰਗਦੀ ਰਹੀ ਪਰ ਤਮਾਸ਼ਬੀਨ ਭੀੜ ਨੇ ਪਾਣੀ ਦਾ ਘੁੱਟ ਉਸ ਨੂੰ ਨਹੀਂ ਦਿੱਤਾ ਸੀ। ਇਸੇ ਤਰ੍ਹਾਂ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫੱਤਾ ਵਿੱਚ ਅੱਠ ਮਾਰਚ 2017 ਨੂੰ ਵਾਪਰੀ ਮੰਦਭਾਗੀ ਘਟਨਾ ਹੈ ਜਿਸ ਵਿੱਚ ਅੰਧਵਿਸ਼ਵਾਸੀ ਕਲਯੁਗੀ ਦਾਦੀ ਅਤੇ ਪਿਤਾ ਨੇ ਕਿਸੇ ਕਾਮਨਾ ਦੀ ਪੂਰਤੀ ਲਈ ਆਪਣੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ ਸੀ। ਬੱਚਿਆਂ ਨੂੰ ਬਚਾਉਣ ਆਈ ਉਨ੍ਹਾਂ ਦੀ ਮਾਂ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਬੀਤੇ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਮੂਧਲ ਵਿੱਚ ਦਸ ਸਾਲ ਦੀ ਬੱਚੀ ਦੀ ਬਲੀ ਉਸ ਦੇ ਆਪਣੇ ਰਿਸ਼ਤੇਦਾਰਾਂ ਨੇ ਕਿਸੇ ਤਾਂਤਰਿਕ ਦੇ ਕਹਿਣ 'ਤੇ ਦਿੱਤੀ ਸੀ। ਦਰਅਸਲ ਉਸ ਪਰਿਵਾਰ ਦਾ ਕਾਰੋਬਾਰ ਠੱਪ ਹੋ ਗਿਆ ਸੀ ਤੇ ਉਸ ਨੂੰ ਚਲਾਉਣ ਲਈ ਉਕਤ ਤਾਂਤਰਿਕ ਨੇ ਪਰਿਵਾਰ ਨੂੰ ਬੱਚੀ ਦੀ ਬਲੀ ਦੇਣ ਲਈ ਉਕਸਾਇਆ ਸੀ।



ਅਜੋਕੇ ਵਿਗਿਆਨਕ ਅਤੇ ਅਗਾਂਹਵਧੂ ਯੁੱਗ ਵਿੱਚ ਅਜਿਹੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਆਪਣੇ ਆਪ ਵਿੱਚ ਮੰਦਭਾਗਾ ਹੈ। ਲੋਕਾਂ ਦੀ ਸੌੜੀ ਮਾਨਸਿਕਤਾ ਦਾ ਇਹ ਪਾਖੰਡੀ ਖ਼ੂਬ ਫ਼ਾਇਦਾ ਉਠਾਉਂਦੇ ਹਨ। ਮੁੰਡੇ ਦੀ ਲਾਲਸਾ ਰੱਖਣ ਵਾਲੇ ਲੋਕਾਂ ਨੂੰ ਗੋਲੀ (ਦਵਾਈ) ਦਿੰਦੇ ਹਨ ਤੇ ਦਾਅਵਾ ਕਰਦੇ ਹਨ ਕਿ ਇਸ ਨਾਲ ਤੁਹਾਨੂੰ ਪੁੱਤਰ ਦੀ ਪ੍ਰਾਪਤੀ ਹੋਵੇਗੀ।

ਅਸਲ ਵਿੱਚ ਜੋ ਇਹ ਦਵਾਈ ਦਿੰਦੇ ਹਨ ਉਸ ਵਿੱਚ ਟੈਸਟੋਸਟੀਰੋਨ (ਆਦਮੀ ਦਾ ਸੈਕਸ ਹਾਰਮੋਨ) ਦੀ ਮਾਤਰਾ ਕਾਫ਼ੀ ਹੁੰਦੀ ਹੈ, ਜਿਸ ਕਾਰਨ ਕਈ ਵਾਰ ਬੱਚੇ ਅਸਾਧਾਰਨ ਪੈਦਾ ਹੁੰਦੇ ਹਨ। ਔਰਤ ਨੂੰ ਇਕੱਲਿਆਂ ਦਵਾਈ ਦੇਣ ਦੇ ਬਹਾਨੇ ਉਨ੍ਹਾਂ ਦਾ ਸਰੀਰਕ ਸ਼ੋਸ਼ਣ ਕੀਤਾ ਜਾਂਦਾ ਹੈ। ਅਗਰ ਉਹ ਔਰਤ ਬਾਹਰ ਜਾ ਕੇ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਉਸ ਪਾਖੰਡੀ ਦੀ ਕਰਤੂਤ ਦੱਸਦੀ ਵੀ ਹੈ ਤਾਂ ਵੀ ਉਹ ਪਰਿਵਾਰ ਅੰਨੀ ਸ਼ਰਧਾ ਦੇ ਵੱਸ ਵਿੱਚ ਹੋਣ ਕਾਰਨ ਉਸ ਦਾ ਯਕੀਨ ਨਹੀਂ ਕਰਦਾ ਹੈ ਜੋ ਉਸ ਪਾਖੰਡੀ ਦੀ ਢਾਲ ਹੋ ਨਿੱਬੜਦੀ ਹੈ। ਅਗਰ ਉਹ ਔਰਤ ਇਸ ਸ਼ੋਸ਼ਣ ਖਿਲਾਫ਼ ਮੂੰਹ ਖੋਲਦੀ ਹੈ ਤਾਂ ਇਹ ਚਲਾਕ ਲੋਕ ਉਸ ਦੇ ਪਰਿਵਾਰ ਦੇ ਦਿਮਾਗ ਵਿੱਚ ਇਹ ਕੂੜ ਭਰਨ ਵਿੱਚ ਸਫ਼ਲ ਹੋ ਜਾਂਦੇ ਹਨ ਕਿ ਤੁਹਾਡੇ ਲੇਖਾਂ ਵਿੱਚ ਪੁੱਤਰ ਤਾਂ ਹੈ ਪਰ ਇਹ ਔਰਤ ਪੁੱਤਰ ਨੂੰ ਜਨਮ ਨਹੀਂ ਦੇ ਸਕਦੀ। ਕੁਝ ਲੋਕਾਂ ਦੇ ਘਰ ਲੜਕਾ ਪੈਦਾ ਹੋਣਾ ਜੋ ਕੁਦਰਤੀ ਪ੍ਰਕ੍ਰਿਆ ਹੈ, ਇਨ੍ਹਾਂ ਨੂੰ ਲੋਕਾਂ ਵਿੱਚ ਰੱਬ ਬਣਾਉਂਦਾ ਹੈ। ਮੈਡੀਕਲ ਸਾਇੰਸ ਅਨੁਸਾਰ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਔਰਤ ਦੀ ਥਾਂ ਮਰਦ ਦਾ ਰੋਲ ਅਹਿਮ ਹੈ। ਇਸ ਪ੍ਰਕ੍ਰਿਆ ਨੂੰ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਪੁਰਸ਼ ਵਿੱਚ ਐਕਸ ਵਾਈ ਕਰੋਮੋਸਮ ਹੁੰਦੇ ਹਨ ਜਦਕਿ ਔਰਤ ਵਿੱਚ ਸਿਰਫ਼ ਐਕਸ ਐਕਸ ਕਰੋਮੋਸਮ ਹੁੰਦੇ ਹਨ। ਇਸ ਨੂੰ ਇਸ ਤਰ੍ਹਾਂ ਸਮਝਿਆ ਜਾਵੇ ਕਿ ਮਨੁੱਖ ਵਿੱਚ ਕਰੋਮੋਸਮ ਦੇ ਤੇਈ ਜੋੜੇ ਹੁੰਦੇ ਹਨ ਜਿਨ੍ਹਾਂ ਵਿੱਚੋਂ 22 ਜੋੜੇ ਇੱਕ ਸਮਾਨ ਹੁੰਦੇ ਹਨ ਜਦੋਂ ਕਿ ਇੱਕ ਜੋੜਾ ਐਕਸ ਵਾਈ (ਪੁਰਸ਼) ਜਾਂ ਐਕਸ ਐਕਸ (ਔਰਤ) ਹੁੰਦਾ ਹੈ। ਇਸ ਤਰਾਂ ਸਪਸ਼ਟ ਹੈ ਕਿ ਔਰਤ ਨੇ ਸਿਰਫ਼ ਐਕਸ ਕਰੋਮੋਸਮ ਦੇਣਾ ਹੈ ਜਦ ਕਿ ਮਰਦ ਐਕਸ ਜਾਂ ਫਿਰ ਵਾਈ ਕਰੋਮੋਸਮ ਦੇਵੇਗਾ। ਜਦੋਂ ਪੁਰਸ਼ ਅਤੇ ਇਸਤਰੀ ਦੇ ਕਰੋਮੋਸਮ ਮਿਲਦੇ ਹਨ ਤਾਂ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਹੈ ਕਿ ਬੱਚਾ ਲੜਕਾ ਹੋਵੇਗਾ ਜਾਂ ਫਿਰ ਪੰਜਾਹ ਫ਼ੀਸਦੀ ਸੰਭਾਵਨਾ ਹੁੰਦੀ ਹੈ ਕਿ ਬੱਚਾ ਲੜਕੀ ਹੋਵੇਗੀ। ਜੇ ਪੁਰਸ਼ ਦਾ ਐਕਸ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ ਲੱਗਦਾ / ਜੁੜਦਾ ਹੈ ਤਾਂ ਬੱਚਾ ਲੜਕੀ ਹੋਵੇਗੀ।

ਇਸੇ ਤਰ੍ਹਾਂ ਜੇ ਪੁਰਸ਼ ਦਾ ਵਾਈ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਮਿਲਦਾ/ਲੱਗਦਾ / ਜੁੜਦਾ ਹੈ ਤਾਂ ਬੱਚਾ ਲੜਕਾ ਹੋਵੇਗਾ। ਇੱਥੇ ਸਪਸ਼ਟ ਹੈ ਕਿ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਹੀ ਰੋਲ ਅਹਿਮ ਹੈ, ਇਸ ਵਿੱਚ ਇਸਤਰੀ ਦਾ ਕੋਈ ਰੋਲ ਨਹੀਂ ਹੈ। ਇੱਥੇ ਇਹ ਗੱਲ ਧਿਆਨ ਦੇਣ ਯੋਗ ਹੈ ਕਿ ਭਾਵੇਂ ਬੱਚੇ ਦੇ ਲਿੰਗ ਨਿਰਧਾਰਨ ਵਿੱਚ ਮਰਦ ਦਾ ਰੋਲ ਬਹੁਤ ਅਹਿਮ ਹੈ ਪਰ ਪੁਰਸ਼ ਨੂੰ ਵੀ ਨਹੀਂ ਪਤਾ ਹੁੰਦਾ ਕਿ ਕਿਹੜਾ ਕਰੋਮੋਸਮ ਇਸਤਰੀ ਦੇ ਐਕਸ ਕਰੋਮੋਸਮ ਨਾਲ ਜਾ ਕੇ ਲੱਗੇਗਾ।

ਧਰਮ ਅਤੇ ਅੰਨੀ ਆਸਥਾ ਦਾ ਸਬੰਧ ਦਿਲ ਅਤੇ ਧੜਕਣ ਦੀ ਤਰਾਂ ਪੇਚੀਦਾ ਹੈ ਜਿਸ ਦੀ ਆੜ 'ਚ ਪਾਖੰਡੀ ਆਪਣਾ ਸਾਮਰਾਜ ਚਲਾ ਰਹੇ ਹਨ। ਬਹੁਤ ਸਾਰੀਆਂ ਸੰਸਥਾਵਾਂ ਇਨ੍ਹਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਦੀਆਂ ਹਨ ਪਰ ਉਨ੍ਹਾਂ ਉੱਪਰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਮੜ ਦਿੱਤੇ ਜਾਂਦੇ ਹਨ। ਜੋ ਲੋਕ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਤੇ ਪਾਖੰਡਾਂ ਤੋਂ ਲੋਕਾਂ ਨੂੰ ਮੁਕਤ ਕਰਵਾਉਣ ਲਈ ਤਤਪਰ ਹਨ, ਉਨ੍ਹਾਂ ਨੂੰ ਸਹਿਯੋਗ ਕਰਨਾ ਸਾਡੀ ਵੀ ਜ਼ਿੰਮੇਵਾਰੀ ਹੈ। ਅਖ਼ਬਾਰ, ਨਿਊਜ਼ ਚੈਨਲ ਇਨ੍ਹਾਂ ਪਾਖੰਡੀਆਂ ਦੇ ਹੱਥੋਂ ਬਰਬਾਦ ਹੋਏ ਲੋਕਾਂ ਦੀ ਦਾਸਤਾਨ ਤਾਂ ਜ਼ਰੂਰ ਪੇਸ਼ ਕਰਦੇ ਹਨ ਪਰ ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਨੇ ਹੀ ਉਨ੍ਹਾਂ ਪਾਖੰਡੀਆਂ ਦੇ ਪਾਖੰਡ ਦੇ ਪ੍ਰਚਾਰ-ਪ੍ਰਸਾਰ 'ਚ ਅਹਿਮ ਰੋਲ ਨਿਭਾਇਆ ਹੁੰਦਾ ਹੈ ਤੇ ਨਿਭਾਉਦੇ ਹਨ।

ਮੰਨਿਆ ਵਪਾਰਕ ਪੱਖ ਤੋਂ ਇਸ਼ਤਿਹਾਰ ਲਾਜ਼ਮੀ ਹਨ ਪਰ ਮੀਡੀਆ ਨੂੰ ਇੰਨਾ ਵੀ ਮਤਲਬੀ ਨਹੀਂ ਹੋਣਾ ਚਾਹੀਦਾ ਕਿ ਸਮਾਜ ਨੂੰ ਜਿਸ ਦਾ ਖ਼ਮਿਆਜ਼ਾ ਭੁਗਤਣਾ ਪਵੇ। ਅਜਿਹੇ ਇਸ਼ਤਿਹਾਰਾਂ 'ਤੇ ਪਾਬੰਦੀ ਜ਼ਰੂਰੀ ਹੈ ਜੋ ਸਮਾਜ ਨੂੰ ਗੁਮਰਾਹ ਕਰਦੇ ਹੋਣ। ਲੋਕਾਂ ਨੂੰ ਜਾਗਰੂਕ ਕਰਨਾ ਅਜੋਕੇ ਸਮੇਂ ਦੀ ਬਹੁਤ ਵੱਡੀ ਲੋੜ ਹੈ, ਜਦੋਂ ਲੋਕ ਜਾਗਰੂਕ ਹੋ ਜਾਣਗੇ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਪਾਖੰਡੀਆਂ ਦਾ ਸਾਮਰਾਜ ਖੇਰੂੰ-ਖੇਰੂੰ ਨਾ ਹੋਵੇ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼

ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***


**Respectable Ramgarhia Sikh family seeking a suitable match for their British born son, well educated, degree holder, working as a manager in reputed firm, 36 years old, 5'8" tall, clean shaven, with good personality. He is sencere and well versed in both culture. Girl must be born and degree holder in U.K. For more information call: 07743 964150 or reply to ref. 877 (3002)**

**Jat Sikh parents are seeking a match for their of a 32 year old Doctor son, 5'11" turban-wearing, vegetarian, non-drinker, but has no preference either way. he is a fantastic uncle to his nephews and nieces. We are looking for an educated girl who is kind-hearted like our son and just as friendly. Who has an approachable personality with a happy outlook on life. If interested, please call on 07849 907131 or reply to ref. 875 (3000)**

# ਲੰਡਨ ਦਾ ਟਾਵਰ ਬ੍ਰਿਜ ਖੁੱਲ੍ਹਾ ਰਹਿਣ ਨਾਲ ਅੱਧੇ ਘੰਟੇ ਤੱਕ ਆਵਾਜਾਈ ਪ੍ਰਭਾਵਿਤ

ਲੰਡਨ- ਲੰਡਨ ਦੀ ਥੇਮਜ਼ ਨਦੀ ''ਤੇ ਟਾਵਰ ਬ੍ਰਿਜ ਇੱਕ ਕਿਸ਼ਤੀ ਨੂੰ ਲੰਘਣ ਦੀ ਇਜਾਜ਼ਤ ਦਿੱਤੇ ਜਾਣ ਤੋਂ ਬਾਅਦ ਖੁੱਲ੍ਹੀ ਸਥਿਤੀ ਵਿਚ ਫਸ ਗਿਆ। ਇਸ ਕਾਰਨ ਕਾਫੀ ਦੇਰ ਤੱਕ ਆਵਾਜਾਈ ਪ੍ਰਭਾਵਿਤ ਰਹੀ। ਦਰਅਸਲ, ਬਾਰਜ ਬੋਟ ਨੇ ਪੁਲ ਦੇ ਹੇਠਾਂ ਤੋਂ ਲੰਘਣਾ ਸੀ, ਜਿਸ ਕਾਰਨ ਇਸ ਨੂੰ ਖੋਲ੍ਹ ਦਿੱਤਾ ਗਿਆ। ਹਾਲਾਂਕਿ, ਇਹ ਬਾਅਦ ਪੁਲ ਨੂੰ ਬੰਦ ਕਰਨ ਵਿੱਚ ਮੁਸ਼ਕਿਲ ਆ ਗਈ। ਇਸ ਕਾਰਨ ਲੰਡਨ ਦੀਆਂ ਸੜਕਾਂ ਤੇ ਆਵਾਜਾਈ ਵਿੱਚ ਵਿਘਨ ਪਿਆ।

ਲੋਕਾਂ ਨੇ ਦੱਸਿਆ ਕਿ ਕਰੀਬ ਅੱਧੇ ਘੰਟੇ ਬਾਅਦ ਪੁਲ ਨੂੰ ਬੰਦ ਕਰ ਦਿੱਤਾ ਗਿਆ। ਮੀਡੀਆ ਨਾਲ ਗੱਲਬਾਤ ਦੌਰਾਨ ਇਕ ਵਿਅਕਤੀ ਨੇ ਕਿਹਾ ਕਿ ਪਹਿਲਾਂ ਤਾਂ ਪੁਲ ਨੂੰ ਖੁੱਲ੍ਹੀ ਸਥਿਤੀ ਵਿਚ ਦੇਖ ਕੇ ਬਹੁਤ ਚੰਗਾ ਲੱਗਾ, ਪਰ ਜੇਕਰ ਤੁਸੀਂ ਇਸ ਨੂੰ ਵੱਖਰੇ ਨਜ਼ਰੀਏ ਤੋਂ ਦੇਖੋਗੇ ਤਾਂ ਤੁਹਾਨੂੰ ਅਹਿਸਾਸ ਹੋਵੇਗਾ ਕਿ ਇਹ ਕਿੰਨਾ ਮੁਸ਼ਕਿਲ ਹੋ ਸਕਦਾ ਹੈ। ਮੈਂ ਥੋੜ੍ਹੀ ਦੇਰ ਉੱਥੇ ਰੁਕਿਆ ਤਾਂ ਉੱਥੇ ਭਾਰੀ ਟ੍ਰੈਫਿਕ ਜਾਮ ਲੱਗ ਗਿਆ, ਜਿਸ ਵਿੱਚ ਦੋ ਟੂਰਿਸਟ ਬੱਸਾਂ ਵੀ ਸ਼ਾਮਿਲ ਸਨ। ਕਾਫੀ ਦੇਰ ਇੰਤਜ਼ਾਰ ਤੋਂ ਬਾਅਦ ਪੁਲ ਨੂੰ ਬੰਦ ਕਰ ਦਿੱਤਾ ਗਿਆ। ਪੁਲ ਬੰਦ ਹੁੰਦੇ ਹੀ ਉੱਥੇ ਮੌਜੂਦ ਲੋਕਾਂ ਨੇ ਤਾੜੀਆਂ ਮਾਰੀਆਂ।


# CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

SUBJECT TO THE APPROVAL OF THE HIGH COMMISSION OF INDIA, LONDON.

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**


# PURPOSE OF VISIT DARBAAR SAHAB- RAHUL DOES NOT DISCLOSE

**Dalip Singh Wasan, Advocate**

As and when Rahul Gandhi visits Punjab, first of all he visitsDarbar Sahab as an ordinary devotee and even takes Langar and servesthere as a common devotee. People may be thinking and coming out withdifferent results. He does not belong to that generation and time of1984 when some one had occupied Akal Takht Sahab, terroristsactivities were reported, the state could not stop it and governmentof India, when Smt. Indira Gandhi was the Prime Minister, decidedBlue Star Operation. The people in Punjab, especially the Sikhs, Sikhpolitical leaders knew that this unit occupying Akal Takht Sahab shallnot be able to face army operation and this operation shall causedamages to honour of Darbar Sahab too. But none of the activepoliticians could ask the occupier to vacate and shift from AkalTakht Sahab. Even surrender could have been suggested. It is also onrecord that this leadership could not stop occupation of Akal TakhtSahab for such purposes. Blue Star Operation was carried out and whathappened, we all know. And then as per history, Masa Ranghar waskilled, Smt.Indira Gandhi was assassinated. Then Anti Sikh Riots inwhich thousands innocent Sikhs were killed mercilessly. Rahul Gandhiwas not part of history of that time and therefore, begging pardon isnot his duty. And if we start investigations on these items ofhistory, not only Smt. Indira Gandhi alone, but active Sikh leadershipin Punjab too must have introspection. When it was clear that BlueStar Operation is the only remedy with the Government, the activeleaedership in Punjab must have tried to avoid this operation byasking and forcing the occupier to vacate Akal Takht Sahab. Had therebeen no Blue Star Operation, there was no assassination of Smt. IndiraGandhi and the anti Sikh riots too could have been avoided. Actuallythe Sikhs leading the community must have an introspection and if theyfind themselves guilty, they must collect at Darbar Sahab and begpardon from the community which suffered without any fault lying ontheir part. The then active leadership of that time kno that theycould have avoided all that. Even the then government in Punjab couldhave avoided all this. A proper examination and investigation must becarried out of all these episodes by the Sikhs themselves too.



Email dalipsinghwassan@yahoo.co.in

# CHANGE OF NAME

**I, MR SANJEEV KUMAR SON OF MR GIAN CHAND WHOSE PERMANENT ADDRESS IN INDIA IS VPO SARAI KHAS, TEH KARTARPUR, DISTT JALANDHAR PUNJAB 144805 AND NOW LIVING AT 56 PAVILION AVENUE, SMETHWICK, WEST MIDLANDS B67 6LD HEREBY GIVE NOTICE OF MY INTENTION TO CHANGE MY NAME TO BUDH (GIVEN NAME) SINGH (SURNAME). (U/I)**

**I, MR JOGRAJ SON OF MR SOHAN LAL WHOSE PERMANENT ADDRESS IN INDIA IS VPO BULHOWAL, TEHSIL & DISTT. HOSHIARPUR, PUNJAB AND NOW LIVING AT 2 MORTLAKE ROAD, ILFORD, IG1 2SX, HEREBY GIVE NOTICE OF MY INTENTION TO CHANGE MY NAME TO JOGRAJ SUTTI. (U)**

**I JATINDER SON OF MR SIAN DASS WHOSE PERMANENT ADDRESS IN INDIA IS VILL: MIONWAL, P.O. MAU SAHIB, TEH: PHILLAUR, DISTT JALANDHAR, PUNJAB AND IS NOW LIVING AT 103 ALMOND TREE AVENUE, COVENTRY, CV2 1JX HEREBY GIVE NOTICE OF MY INTENTION TO CHANGE MY NAME TO JATINDER CHUMBER. (U/I)**

**WE, MR SUKHWINDER SINGH SON OF MR KULJIT SINGH AND MRS ANITA RANI WIFE OF MR SUKHWINDER SINGH WHOSE PERMANENT ADDRESS IN INDIA IS HOUSE NO. 42, NEW RAJ NAGAR, BASTI BAWA KHEL, JALANDHAR, PUNJAB 144021 AND NOW LIVING IN 3 HOLMDENE COURT, EPSOM ROAD, SURREY KT17 1LH ARE PARENTS OF JASLEEN AND HEREBY GIVE NOTICE OF OUR INTENTION TO CHANGE HER NAME TO JASLEEN (GIVEN NAME) KAUR (SURNAME). (U)**

# ਸਿਹਤ ਤੇ ਸੁੰਦਰਤਾ



## ਬਲੈਕ ਪਲਾਸਟਿਕ ਵਿਚ ਰੱਖਿਆ ਖਾਣਾ ਖਾਣ ਨਾਲ ਹੋ ਸਕਦੈ ਕੈਂਸਰ

ਅੱਜਕੱਲ੍ਹ ਕਾਲੇ ਰੰਗ ਦੇ ਪਲਾਸਟਿਕ ਦੇ ਡੱਬਿਆਂ ਦੀ ਵਰਤੋਂ ਰੈਸਟੋਰੈਂਟਾਂ ਤੇ ਹੋਟਲਾਂ ਆਦਿ 'ਚ ਭੋਜਨ ਪੈਕ ਕਰਨ ਲਈ ਕੀਤੀ ਜਾਂਦੀ ਹੈ। ਪਲਾਸਟਿਕ ਦੇ ਡੱਬੇ ਜੋ ਆਮ ਤੌਰ 'ਤੇ ਖਾਣ-ਪੀਣ ਦੀਆਂ ਵਸਤਾਂ ਪੈਕ ਕਰਨ ਲਈ ਵਰਤੇ ਜਾਂਦੇ ਹਨ, ਨੂੰ ਪਲਾਸਟਿਕ ਰੈਜ਼ਿਨ 'ਚ ਕਾਰਬਨ ਬਲੈਕ ਪਿਗਮੈਂਟ ਜੋੜ ਕੇ ਬਣਾਇਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਜਦੋਂ ਅਸੀਂ ਇਸ ਡੱਬੇ ਵਿਚ ਖਾਣਾ ਆਦਿ



ਖਾਂਦੇ ਹਾਂ ਤਾਂ ਇਸ ਵਿਚ ਮੌਜੂਦ ਰਸਾਇਣਾਂ ਦੇ ਕੁਝ ਕਣ ਸਾਡੇ ਭੋਜਨ ਵਿਚ ਰਲ ਜਾਂਦੇ ਹਨ ਤੇ ਭੋਜਨ ਦੇ ਨਾਲ ਸਾਡੇ ਸਰੀਰ ਵਿਚ ਚਲੇ ਜਾਂਦੇ ਹਨ, ਜੋ ਬਾਅਦ ਵਿਚ ਸਾਨੂੰ ਨੁਕਸਾਨ ਪਹੁੰਚਾਉਂਦੇ ਹਨ। ਜੇਕਰ ਇਸ ਪਲਾਸਟਿਕ ਦੇ ਡੱਬੇ ਵਿਚ ਜ਼ਿਆਦਾ ਗਰਮ ਭੋਜਨ ਰੱਖਿਆ ਜਾਵੇ ਜਾਂ ਮਾਈਕ੍ਰੋਵੇਵ ਵਿਚ ਰੱਖ ਕੇ ਭੋਜਨ ਗਰਮ ਕੀਤਾ ਜਾਵੇ ਤਾਂ ਇਸ ਨਾਲ ਕੈਂਸਰ ਦਾ ਖ਼ਤਰਾ ਵੱਧ ਜਾਂਦਾ ਹੈ। ਇੱਕ ਖੋਜ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਕਾਲੇ ਪਲਾਸਟਿਕ ਵਿਚ ਕਾਰਬਨ ਬਲੈਕ ਪਿਗਮੈਂਟ ਦੀ ਮੌਜੂਦਗੀ ਸਿਹਤ ਲਈ ਹਾਨੀਕਾਰਕ ਹੈ। 'ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ' ਦੁਆਰਾ ਕਾਰਬਨ ਬਲੈਕ ਪਲਾਸਟਿਕ ਵਿਚ ਪੌਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ ਦੀ ਮੌਜੂਦਗੀ ਨੂੰ ਕੈਂਸਰ ਦਾ ਖ਼ਤਰਾ ਮੰਨਿਆ ਜਾਂਦਾ ਹੈ।

## ਸਿਰ ਦੇ ਮਾਮੂਲੀ ਦਰਦ ਨੂੰ ਨਾ ਕਰਿਓ ਅਖੋਂ ਪਰੌਖੇ, ਬ੍ਰੇਨ ਟਿਊਮਰ ਦੌਰਾਨ ਵੀ ਅਜਿਹੇ ਹੀ ਹੁੰਦੇ ਹਨ ਲੱਛਣ

ਸਿਹਤ ਦੇ ਮਾਮਲੇ ਵਿਚ ਸਾਵਧਾਨੀ ਬਹੁਤ ਜ਼ਰੂਰੀ ਹੈ। ਕਈ ਵਾਰ ਅਸੀਂ ਛੋਟੀਆਂ-ਮੋਟੀਆਂ ਸਮੱਸਿਆਵਾਂ ਤੋਂ ਬਚ ਜਾਂਦੇ ਹਾਂ ਤੇ ਬਾਅਦ ਵਿਚ ਉਹ ਸਮੱਸਿਆ ਗੰਭੀਰ ਹੋ ਜਾਂਦੀ ਹੈ। ਅਜਿਹੀ ਹੀ ਇਕ ਗੰਭੀਰ ਬਿਮਾਰੀ ਹੈ ਬ੍ਰੇਨ ਟਿਊਮਰ, ਜਿਸ ਦੇ ਲੱਛਣ ਸ਼ੁਰੂ ਵਿਚ ਆਮ ਲੱਗਦੇ ਹਨ ਪਰ ਇਸ ਦੇ ਇਲਾਜ 'ਚ ਦੇਰੀ ਕਰਨਾ ਖ਼ਤਰਨਾਕ ਹੋ ਸਕਦਾ ਹੈ। ਸ਼ੁਰੂਆਤ ਵਿਚ ਸਿਰ ਵਿਚ ਹਲਕਾ ਜਿਹਾ ਦਰਦ ਹੁੰਦਾ ਹੈ, ਪਰ ਜਿਵੇਂ-ਜਿਵੇਂ ਸਮਾਂ ਬੀਤਦਾ ਹੈ, ਦਰਦ ਵਧਣ ਲੱਗਦਾ ਹੈ। ਦੱਸ ਦੇਈਏ ਕਿ ਬ੍ਰੇਨ ਟਿਊਮਰ ਦਾ ਕੋਈ ਇਲਾਜ ਨਹੀਂ ਹੈ।



ਦੱਸ ਦੇਈਏ ਕਿ ਬ੍ਰੇਨ ਟਿਊਮਰ ਦਾ ਕੋਈ ਇਲਾਜ ਨਹੀਂ ਹੈ। ਜੇਕਰ ਸ਼ੁਰੂਆਤੀ ਅਵਸਥਾ 'ਚ ਇਸ ਦਾ ਪਤਾ ਲੱਗ ਜਾਵੇ ਤਾਂ ਇਸ ਦਾ ਇਲਾਜ ਸਰਜਰੀ ਜਾਂ ਹੋਰ ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ ਪਰ ਜੇਕਰ ਤੁਸੀਂ ਇਸ ਦੇ ਲੱਛਣਾਂ 'ਤੇ ਧਿਆਨ ਨਹੀਂ ਦਿੰਦੇ ਤਾਂ ਸਥਿਤੀ ਗੰਭੀਰ ਬਣ ਸਕਦੀ ਹੈ ਤਾਂ ਆਓ ਅਸੀਂ ਤੁਹਾਨੂੰ ਇਸ ਬਿਮਾਰੀ ਬਾਰੇ ਵਿਸਥਾਰ ਨਾਲ ਦੱਸਦੇ ਹਾਂ।

### ਕੀ ਹੁੰਦਾ ਹੈ ਬ੍ਰੇਨ ਟਿਊਮਰ ?

ਕਿਸੇ ਵੀ ਟਿਊਮਰ ਦਾ ਮਤਲਬ ਹੈ ਕੁਝ ਟਿਸ਼ੂਜ਼ ਦਾ ਤੇਜ਼ੀ ਨਾਲ ਵਾਧਾ। ਜੇਕਰ ਇਹ ਸਰੀਰ ਦੇ ਬਾਕੀ ਹਿੱਸਿਆਂ 'ਚ ਵਧ ਜਾਵੇ ਤਾਂ ਇਸ ਦਾ ਇਲਾਜ ਆਸਾਨੀ ਨਾਲ ਕੀਤਾ ਜਾ ਸਕਦਾ ਹੈ। ਪਰ ਜੇ ਬੰਦ ਖੋਪੜੀ 'ਚ ਟਿਸ਼ੂਜ਼ ਅਸਧਾਰਨ ਤੌਰ 'ਤੇ ਵਧਣ ਲੱਗਦੇ ਹਨ ਤਾਂ ਦਿਮਾਗ ਨੂੰ ਕਾਫ਼ੀ ਨੁਕਸਾਨ ਹੋ ਸਕਦਾ ਹੈ। ਨਾਲ ਹੀ, ਦਿਮਾਗ ਦੀ ਸਰਜਰੀ ਬਹੁਤ ਮੁਸ਼ਕਲ ਹੁੰਦੀ ਹੈ। ਇਕ ਮਾਮੂਲੀ ਗਲਤੀ ਘਾਤਕ ਹੋ ਸਕਦੀ ਹੈ। ਇਸੇ ਲਈ ਬ੍ਰੇਨ ਟਿਊਮਰ ਨੂੰ ਬਹੁਤ ਗੰਭੀਰ ਬਿਮਾਰੀ ਮੰਨਿਆ ਜਾਂਦਾ ਹੈ।

### ਬ੍ਰੇਨ ਟਿਊਮਰ ਦੇ ਲੱਛਣ

ਇਸ 'ਚ ਪਹਿਲਾਂ ਸਿਰ 'ਚ ਲਗਾਤਾਰ ਹਲਕਾ ਦਰਦ ਰਹਿੰਦਾ ਹੈ ਜੋ ਸਮੇਂ ਦੇ ਨਾਲ ਵਧਦਾ ਜਾਂਦਾ ਹੈ। ਇਸ ਲਈ ਗੋਲੀਆਂ ਖਾ ਕੇ ਸਿਰਦਰਦ ਦੀ ਸਮੱਸਿਆ ਨੂੰ ਦਬਾਉਣ ਦੀ ਕੋਸ਼ਿਸ਼ ਨਾ ਕਰੋ। ਸਿਰਦਰਦ ਵਧਣ ਦੇ ਨਾਲ ਬਾਅਦ ਵਿੱਚ ਲੱਛਣ ਜਿਵੇਂ ਕਿ ਚੱਕਰ ਆਉਣੇ, ਉਲਟੀਆਂ ਆਉਣਾ, ਨਜ਼ਰ ਘਟਣਾ, ਧੁੰਦਲਾ ਨਜ਼ਰ ਆਉਣਾ, ਹੱਥਾਂ-ਪੈਰਾਂ 'ਚ ਸੰਵੇਦਨਾ ਘਟਣਾ, ਬੋਲਣ ਜਾਂ ਸਮਝਣ ਵਿਚ ਮੁਸ਼ਕਲ ਆ ਸਕਦੀ ਹੈ। ਅਜਿਹੀ ਸਥਿਤੀ 'ਚ ਇਸ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਜੇਕਰ ਸਿਰਦਰਦ ਦੀ ਸ਼ਿਕਾਇਤ ਲਗਾਤਾਰ ਰਹਿੰਦੀ ਹੈ ਤਾਂ ਤੁਰੰਤ ਡਾਕਟਰ ਨਾਲ ਸੰਪਰਕ ਕਰੋ।

### ਬ੍ਰੇਨ ਟਿਊਮਰ ਦਾ ਇਲਾਜ

ਬ੍ਰੇਨ ਟਿਊਮਰ ਦਾ ਇਲਾਜ ਸਰਜਰੀ ਰਾਹੀਂ ਹੀ ਸੰਭਵ ਹੈ। ਪਰ ਇਹ ਸਰਜਰੀ ਉਦੋਂ ਹੀ ਕੀਤੀ ਜਾ ਸਕਦੀ ਹੈ ਜਦੋਂ ਟਿਊਮਰ ਦਾ ਆਕਾਰ ਛੋਟਾ ਹੋਵੇ। ਨਾਲ ਹੀ, ਇਹ ਬਹੁਤ ਦੂਰ ਨਾ ਫੈਲਿਆ ਹੋਵੇ। ਅੱਜਕੱਲ੍ਹ, ਐਕਸ-ਰੇ ਜਾਂ ਪ੍ਰੋਟੋਨ ਵਰਗੇ ਰੇਡੀਏਸ਼ਨ ਵੀ ਟਿਊਮਰ ਦੇ ਟਿਸ਼ੂਜ਼ ਨੂੰ ਮਾਰਨ ਲਈ ਵਰਤੇ ਜਾਂਦੇ ਹਨ। ਕੁਝ ਮਾਮਲਿਆਂ 'ਚ ਕੀਮੋਥੈਰੇਪੀ ਦੀ ਵਰਤੋਂ ਟਿਊਮਰ ਟਿਸ਼ੂਜ਼ ਨੂੰ ਨਸ਼ਟ ਕਰਨ ਲਈ ਵੀ ਕੀਤੀ ਜਾਂਦੀ ਹੈ। ਅਜਿਹੇ 'ਚ ਡਾਕਟਰਾਂ ਦਾ ਮੰਨਣਾ ਹੈ ਕਿ ਜਿੰਨੀ ਜਲਦੀ ਇਸ ਬਿਮਾਰੀ ਦਾ ਪਤਾ ਲੱਗ ਜਾਵੇ, ਓਨਾ ਹੀ ਚੰਗਾ ਹੈ। ਤੁਸੀਂ ਵੀ ਇਸੇ ਗੱਲ ਦਾ ਧਿਆਨ ਰੱਖਣਾ ਹੈ।

## * ਚੂੰਢਾਂ–ਪੂੰਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਨੂਹ ਦੀ ਹਿੰਸਾ ਸਰਕਾਰ ਦੀ ਸ਼ਹਿ 'ਤੇ ਹੋਈ- ਸਾਬਕਾ ਰਾਜਪਾਲ ਸਤਿਆਪਾਲ ਮਲਿਕ

-ਪਿੰਡ 'ਚ ਲੜਾਈਆਂ ਪਾਉਂਦਾ ਨੀ, ਮਰ ਜਾਣਾ ਅਮਲੀ।

*ਪੰਥਕ ਵੋਟਾਂ ਬਣਾਉਣ ਲਈ ਹਰਿਆਣਾ ਕਮੇਟੀ ਵਲੋਂ ਸਰਗਰਮੀਆਂ ਤੇਜ਼- ਇਕ ਖ਼ਬਰ

-ਮੁੰਡੇ ਮਾਰਦੇ ਪੱਟਾਂ 'ਤੇ ਥਾਪੀਆਂ ਕਿ ਛਿੰਝ ਵਾਲ਼ਾ ਮੇਲਾ ਆ ਗਿਆ।

*ਪੰਜਾਬ ਸਰਕਾਰ ਕੇਂਦਰ ਦੇ ਇਸ਼ਾਰੇ 'ਤੇ ਸਿੱਖਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਹੈ- ਜਸਕਰਨ ਸਿੰਘ, ਖ਼ਾਲਸਾ

-ਗਾਲ਼ ਬਿਨਾਂ ਨਾ ਬੋਲੇ, ਚੁੱਕੀ ਹੋਈ ਲੰਬੜਾਂ ਦੀ।

*ਪੁੱਤਰ ਨੇ ਬੈਂਕ ਮੁਲਾਜ਼ਮ ਨਾਲ ਮਿਲਕੇ ਆਪਣੀ ਮਾਂ ਨਾਲ਼ ਮਾਰੀ ਦਸ ਕਰੋੜ ਦੀ ਠੱਗੀ -ਇਕ ਰਿਪੋਰਟ

-ਚਿੱਟਾ ਹੋ ਗਿਆ ਲਹੂ ਵੇ ਲੋਕੋ, ਚਿੱਟਾ ਹੋ ਗਿਆ ਲਹੂ।

*ਤਾਜ਼ਾ ਹਿੰਸਾ ਤੋਂ ਬਾਅਦ ਸ੍ਰੀਨਗਰ ਦੇ ਐੱਸ. ਐੱਸ. ਪੀ ਦਾ ਮਨੀਪੁਰ ਤਬਾਦਲਾ- ਇਕ ਖ਼ਬਰ

-ਯਾਰਾਂ ਨੇ ਤਾਂ ਪੱਠੇ ਹੀ ਖਾਣੇ ਆਂ ਬਈ ਸ੍ਰੀਨਗਰ ਨਾ ਸਹੀ ਮਨੀਪੁਰ ਸਹੀ।



*'ਇੰਡੀਆ' ਗੱਠਜੋੜ ਲਈ 'ਆਪ' ਵਚਨਬੱਧ, ਇਸ ਤੋਂ ਵੱਖ ਨਹੀਂ ਹੋਵਾਂਗੇ- ਕੇਜਰੀਵਾਲ

-ਲਾਈਆਂ ਤੇ ਤੋੜ ਨਿਭਾਵੀਂ ਵੇ ਬੀਬਾ, ਛੱਡ ਕੇ ਨਾ ਜਾਵੀਂ।



*ਨੀਦਰਲੈਂਡ ਦੇ ਸਫ਼ੀਰ ਨੇ ਭਗਵੰਤ ਮਾਨ ਨਾਲ ਕੀਤੀ ਮੁਲਾਕਾਤ- ਇਕ ਖ਼ਬਰ

-ਗੁਆਂਢਣੇ ਆ ਜਾ ਨੀ, ਕੱਢ ਜਾ ਛੜਿਆਂ ਦੀ ਧਾਰ।



*ਪਲਾਟ ਖ਼ਰੀਦ ਘਪਲਾ: ਮਨਪ੍ਰੀਤ ਬਾਦਲ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ- ਇਕ ਖ਼ਬਰ

-ਲੱਡੂ ਖਾ ਕੇ ਚੁਬਾਰੇ ਵਿਚੋਂ ਨਿਕਲੀ, ਮੱਖੀਆਂ ਨੇ ਪੈੜ ਨੱਪ ਲਈ।



*ਪੰਜਾਬ ਦੇ ਲੋਕ ਮਾਨ ਸਰਕਾਰ ਦੇ ਝੂਠੇ ਵਾਅਦਿਆਂ ਤੋਂ ਅੱਕ ਚੁੱਕੇ ਹਨ- ਪਰਮਿੰਦਰ ਸਿੰਘ ਢੀਂਡਸਾ

-ਪੂਣੀਆਂ ਮੈਂ ਤਿੰਨ ਕੱਤੀਆਂ, ਟੁੱਟ ਪੈਣੇ ਦਾ ਤੇਰ੍ਹਵਾਂ ਗੇੜਾ।



*ਨਵਜੋਤ ਸਿੱਧੂ ਸਿਆਸਤ ਵਿਚ ਇਕਦਮ ਮੁੜ ਸਰਗਰਮ ਹੋਇਆ- ਇਕ ਖ਼ਬਰ

-ਬੋਤਾ ਆਵੇ ਮੇਰੇ ਵੀਰ ਦਾ, ਜਿਵੇਂ ਕਾਲ਼ੀਆਂ ਘਟਾਵਾਂ ਵਿਚ ਬਗਲਾ।



*ਪੰਜਾਬ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ਾਂ ਦੀ ਜ਼ਿੰਮੇਵਾਰੀ ਵੀ ਕਿਸਾਨ ਜਥੇਬੰਦੀਆਂ ਦੇ ਸਿਰ- ਰਾਜੇਵਾਲ

-ਇਹਦਾ ਜੋਗ ਦਰਗਾਹ ਮੰਜ਼ੂਰ ਹੋਇਆ, ਮੱਥਾ ਟੇਕਦਾ ਕੁੱਲ ਜਹਾਨ ਸਾਰਾ।



*ਮਨਪ੍ਰੀਤ ਸਿੰਘ ਬਾਦਲ ਦੇ ਘਰ ਵਿਜੀਲੈਂਸ ਨੇ ਮਾਰਿਆ ਛਾਪਾ- ਇਕ ਖ਼ਬਰ

-ਢਿੱਡ ਫ਼ਿੱਲ ਲਿਆ ਬੋਸਕੀ ਵਰਗਾ, ਰੋੜਾਂ ਵਾਲ਼ੀ ਕੰਧ ਟੱਪ ਕੇ।

*ਬੀ.ਜੇ.ਪੀ. ਨਾਲ਼ ਗੱਠਜੋੜ ਲਈ ਬਾਦਲ ਕਾਹਲੇ ਪਰ ਉੱਪਰੋਂ ਉੱਪਰੋਂ ਦਿਖਾਉਂਦੇ ਰੋਅਬ- ਇਕ ਖ਼ਬਰ

-ਹਰ ਚਰਖੇ ਦੇ ਗੇੜੇ, ਮਾਹੀ ਮੈਂ ਤੈਨੂੰ ਯਾਦ ਕਰਦੀ।

*ਸਰਕਾਰ ਨੇ ਨੌਜਵਾਨਾਂ ਦੇ ਸੁਪਨੇ ਤੋੜੇ, ਵਧ ਰਹੇ ਹਨ ਖ਼ੁਦਕੁਸ਼ੀਆਂ ਦੇ ਮਾਮਲੇ- ਕਾਂਗਰਸ

-ਛੱਕਾਂ ਪੂਰਦਾ ਨਾ ਅੱਜ ਕਲ ਕੋਈ, ਵੀਰ ਰਹਿ ਗਏ ਮਤਲਬ ਦੇ।



*ਵੋਟ ਦੇਣੀ ਹੈ ਤਾਂ ਦਿਉ, ਮਾਲ-ਪਾਣੀ ਬਿਲਕੁਲ ਨਹੀਂ ਮਿਲੇਗਾ- ਕੇਂਦਰੀ ਮੰਤਰੀ ਗਡਕਰੀ

-ਸੁੱਚਿਆਂ ਰੁਮਾਲਾਂ ਨੂੰ, ਲਾ ਦੇ ਧੰਨ ਕੁਰੇ ਗੋਟਾ।

* * * * * * * * *




Offer ends 23rd November 2023. Sky Sports Cricket channel for £14 extra pm for 12 months with 31 day rolling contract (then £18 pm). Prices may change during this period. Requires Sky Q: 18 month minimum term. Standard set-up: £20 for new customers; up to £49 for existing customers. Subject to status. Upfront payment may be required. Offer not available with any other offers. Further terms apply. For more information go to https://www.sky.com/tv/sports. Correct at 25/09/2023.

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.